रजिस्ट्री सं० डी—221

Price : Rs. 4-00
REGISTERED NO. D-221
ਰਜਿਸਟਰੀ ਨੰ: ਡੀ-221

भारत का राजपत्र
The Gazette of India
ਭਾਰਤ ਦਾ ਗੱਜ਼ਟ

असाधारण
EXTRAORDINARY
ਅਸਾਧਾਰਣ

भाग XIV – अनुभाग – 1
PART - XIV - SECTION - 1
ਭਾਗ – XIV – ਅਨੁਭਾਗ – 1

प्राधिकार से प्रकाशित
PUBLISHED BY AUTHORITY
ਸੱਤਾ ਨਾਲ ਪ੍ਰਕਾਸ਼ਤ

सं० नं. 1] नई दिल्ली,	शुक्रवार,	जून, 1, 1990	/11 जेष्ठ,	1912	(शक)	[खण्ड IV]
No. 1] NEW DELHI	FRIDAY,	JUNE, 1, 1990	11 JYAISTHA	1912	(SAKA)	[VOL. IV]
ਨੰ: 1] ਨਵੀਂ ਦਿੱਲੀ,	ਸ਼ੁਕਰਵਾਰ,	ਜੂਨ, 1, 1990	/11 ਜੇਠ	1912	(ਸ਼ਕ)	[ਜਿਲਦ IV]

विधि और न्याय मन्त्रालय
(विधायी विभाग)
नई दिल्ली, शुक्रवार, जून 1, 1990/11 जेष्ठ, 1912 (शक)

डरगज़ एन्ड मैजिक रैमिडीज (अबजैक्शनेबल अडैवरटाईजमैंट) ऐक्ट, 1954, कनवर्टस मैरिज डिजोलूशन ऐक्ट, 1866, काइनिज ऐक्ट, 1906, चैरिटेबल इन्डोमैंटस ऐक्ट, 1890, ट्रेड यूनियन ऐक्ट, 1926, मुसलमान वक्फ ऐक्ट, 1923, मैरिड वूमैनस प्रापरटी ऐक्ट, 1874 के पंजाबी अनुवाद राष्ट्रपति के प्राधिकार से प्रकाशित किये जाते हैं और प्राधिकृत पाठ (केन्द्रीय विधि) अधिनियम, 1973 (1973 का 50) की धारा 2 के खण्ड (क) के अधीन पंजाबी में उसके प्राधिकृत पाठ समझे जायेंगे ।

MINISTY OF LAW AND JUSTICE
(LEGISLATIVE DEPARTMENT)

The translation in Punjabi of the Drugs and Magic Remedies (Objectionable Advertisements) Act, 1954, the Converts Marriage Dissolution Act, 1866, the Coinage Act, 1906, the Charitable Endowments Act, 1890, the Trade Unions Act, 1926, the Mussalman Wakf Act, 1923, the Married Women's Property Act, 1874 are hereby published under the authority of the President and shall be deemed to be the authoritative text thereof in Punjabi under clause (a) of section 2 of Authoritative Texts (Central Laws) Act, 1973 (50 of 1973).

ਕਾਨੂੰਨ ਅਤੇ ਨਿਆਂ ਮੰਤ੍ਰਾਲਾ

(ਵਿਧਾਨ ਵਿਭਾਗ)

ਡਰਗਜ਼ ਐਂਡ ਮੈਜ਼ਿਕ ਰੈਮੀਡੀਜ਼ (ਅਬਜੈਕਸ਼ਨੇਬਲ ਐਡਵਰਟਾਈਜਮੈਂਟਸ) ਐਕਟ 1954, ਕਨਵਰਟਸ ਮੈਰਿਜ ਡਿਜੋਲੂਸ਼ਨ ਐਕਟ. 1866, ਕਾਇਨਜ ਐਕਟ 1906, ਚੈਰੀਟੇਬਲ ਇੰਡੋਮੈਂਟਸ ਐਕਟ, 1890, ਟਰੇਡ ਯੂਨੀਅਨਜ਼ ਐਕਟ, 1926, ਮੁਸਲਮਾਨ ਵਕਫ਼ ਐਕਟ, 1923, ਮੈਰਿਡ ਵੂਮੈਨਜ਼ ਪ੍ਰਾਪਰਟੀ ਐਕਟ, 1874 ਦੇ ਪੰਜਾਬੀ ਅਨੁਵਾਦ ਰਾਸ਼ਟਰਪਤੀ ਦੀ ਸੱਤਾ ਅਧੀਨ ਇਸ ਦੁਆਰਾ ਪ੍ਰਕਾਸ਼ਤ ਕੀਤੇ ਜਾਂਦੇ ਹਨ ਅਤੇ ਸੱਤਾਯੁਕਤ ਪਾਠ (ਕੇਂਦਰੀ ਕਾਨੂੰਨ) ਐਕਟ, 1973 (1973 ਦਾ 50) ਦੀ ਧਾਰਾ 2 ਦੇ ਖੰਡ (ਉ) ਅਧੀਨ ਉਨ੍ਹਾਂ ਦੇ ਪੰਜਾਬੀ ਵਿੱਚ ਸੱਤਾਯੁਕਤ ਪਾਠ ਸਮਝੇ ਜਾਣਗੇ ।

ਟਰੇਡ ਯੂਨੀਅਨ ਐਕਟ 1926

(1926 ਦਾ ਐਕਟ ਨੰ: 16)

[1 ਸਤੰਬਰ, 1989 ਤੱਕ ਸੋਧੇ ਅਨੁਸਾਰ]

[25 ਮਾਰਚ, 1926]

ਟਰੇਡ ਯੂਨੀਅਨਾਂ ਦੇ ਰਜਿਸਟਰੀਕਰਣ ਦਾ ਉਪਬੰਧ ਕਰਨ ਲਈ ਅਤੇ ਰਜਿਸਟਰਸ਼ੁਦਾ ਟਰੇਡ ਯੂਨੀਅਨਾਂ ਸੰਬੰਧੀ ਕਾਨੂੰਨ ਨੂੰ ਕੁਝ ਕੁ ਪਹਿਲੂਆਂ ਤੋਂ ਪਰਿਭਾਸ਼ਤ ਕਰਨ ਲਈ ਐਕਟ ।

ਕਿਉਂ ਜੋ ਟਰੇਡ ਯੂਨੀਅਨਾਂ ਦੇ ਰਜਿਸਟਰੀਕਰਣ ਲਈ ਉਪਬੰਧ ਕਰਨਾ ਅਤੇ ਰਜਿਸਟਰਸ਼ੁਦਾ ਟਰੇਡ ਯੂਨੀਅਨਾਂ ਸੰਬੰਧੀ ਕਾਨੂੰਨ ਨੂੰ ਕੁਝ ਕੁ ਪਹਿਲੂਆਂ ਤੋਂ ਪਰਿਭਾਸ਼ਤ ਕਰਨਾ ਹਾਲਾਤ ਅਨੁਸਾਰ ਉਚਿਤ ਹੈ ;

ਇਸ ਲਈ ਇਸ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣਾਇਆ ਜਾਂਦਾ ਹੈ :—

ਅਧਿਆਏ I

ਪ੍ਰਾਰੰਭਕ

1. (1) ਇਸ ਐਕਟ ਨੂੰ ਟਰੇਡ ਯੂਨੀਅਨ ਐਕਟ, 1926, ਕਿਹਾ ਜਾ ਸਕੇਗਾ । ਸੰਖੇਪ ਨਾਂ,

(2) ਇਸ ਦਾ ਵਿਸਤਾਰ, ਜੰਮੂ ਅਤੇ ਕਸ਼ਮੀਰ ਰਾਜ ਦੇ ਸਿਵਾਏ, ਸਾਰੇ ਭਾਰਤ ਤੇ ਹੈ । ਵਿਸਤਾਰ ਅਤੇ

(3) ਇਹ ਉਸ ਤਰੀਕ ਨੂੰ ਨਾਫ਼ਜ਼ ਹੋਵੇਗਾ, ਜੋ ਕੇਂਦਰੀ ਸਰਕਾਰ, ਸਰਕਾਰੀ ਗਜ਼ਟ ਵਿੱਚ, ਅਰੰਭ ।
ਅਧਿਸੂਚਨਾ ਦੁਆਰਾ, ਨਿਯਤ ਕਰੇ ।

2. ਇਸ ਐਕਟ ਵਿੱਚ "ਮੁਨਾਸਬ ਸਰਕਾਰ" ਦਾ ਮਤਲਬ ਹੈ ਅਜ਼ਿਹੀਆਂ ਟਰੇਡ ਯੂਨੀਅਨਾਂ ਦੇ ਸੰਬੰਧ ਪਰਿਭਾਸ਼ਾਵਾਂ ।
ਵਿੱਚ ਜਿਨ੍ਹਾਂ ਦੇ ਉਦੇਸ਼ ਇਕ ਰਾਜ ਤਕ ਸੀਮਤ ਨਹੀਂ ਹਨ , ਕੇਂਦਰੀ ਸਰਕਾਰ, ਅਤੇ ਹੋਰ ਟਰੇਡ ਯੂਨੀਅਨਾਂ ਦੇ ਸੰਬੰਧ ਵਿੱਚ, ਰਾਜ ਸਰਕਾਰ, ਅਤੇ ਜੇਕਰ ਵਿਸ਼ੇ ਜਾਂ ਪ੍ਰਸੰਗ ਵਿੱਚ ਕੋਈ ਗੱਲ ਵਿਰੁੱਧ ਨ ਹੋਵੇ, —

(ੳ) "ਕਾਰਜਪਾਲਕਾ" ਦਾ ਮਤਲਬ ਹੈ ਉਹ ਬੰਡੀ, ਭਾਵੇਂ ਉਸਦਾ ਕੋਈ ਵੀ ਨਾਂ ਲਿਆ ਜਾਂਦਾ ਹੋਵੇ, ਜਿਸ ਨੂੰ ਕਿਸੇ ਟਰੇਡ ਯੂਨੀਅਨ ਦੇ ਕਾਰ-ਵਿਹਾਰ ਦਾ ਪ੍ਰਬੰਧ ਸੌਂਪਿਆ ਗਿਆ ਹੈ;

(ਅ) "ਅਫ਼ਸਰ" ਵਿੱਚ, ਕਿਸੇ ਟਰੇਡ ਯੂਨੀਅਨ ਦੀ ਸੂਰਤ ਵਿੱਚ, ਉਸ ਦੀ ਕਾਰਜਪਾਲਕਾ ਦਾ ਕੋਈ ਮੈਂਬਰ ਸ਼ਾਮਲ ਹੈ, ਪਰ ਉਸ ਵਿੱਚ ਆਡੀਟਰ ਸ਼ਾਮਲ ਨਹੀਂ ਹੈ;

(ਏ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਵਿਨਿਯਮਾਂ ਦੁਆਰਾ ਮੁਕੱਰਰ;

(ਸ) "ਰਜਿਸਟਰਸ਼ੁਦਾ ਦਫ਼ਤਰ" ਦਾ ਮਤਲਬ ਹੈ ਕਿਸੇ ਟਰੇਡ ਯੂਨੀਅਨ ਦਾ ਉਹ ਦਫ਼ਤਰ, ਜੋ ਉਸ ਦੇ ਮੁੱਖ ਦਫ਼ਤਰ ਵਜੋਂ ਇਸ ਐਕਟ ਅਧੀਨ ਰਜਿਸਟਰ ਕੀਤਾ ਗਿਆ ਹੈ;

(ਹ) ਰਜਿਸਟਰਸ਼ੁਦਾ ਟਰੇਡ ਯੂਨੀਅਨ ਦਾ ਮਤਲਬ ਹੈ ਇਸ ਐਕਟ ਅਧੀਨ ਰਜਿਸਟਰ ਕੀਤੀ ਗਈ ਟਰੇਡ ਯੂਨੀਅਨ;

(ਕ) "ਰਜਿਸਟਰਾਰ" ਦਾ ਮਤਲਬ ਹੈ—

(*i*) ਮੁਨਾਸਬ ਸਰਕਾਰ ਦੁਆਰਾ ਧਾਰਾ 3 ਅਧੀਨ ਨਿਯੁਕਤ ਟਰੇਡ ਯੂਨੀਅਨਾਂ ਦਾ ਰਜਿਸਟਰਾਰ ਅਤੇ ਇਸ ਵਿੱਚ ਟਰੇਡ ਯੂਨੀਅਨਾਂ ਦਾ ਅਤਿਰਿਕਤ ਰਜਿਸਟਰਾਰ ਜਾਂ ਉਪ-ਰਜਿਸਟਰਾਰ ਸ਼ਾਮਲ ਹੈ;

(*ii*) ਕਿਸੇ ਟਰੇਡ ਯੂਨੀਅਨ ਦੇ ਸੰਬੰਧ ਵਿੱਚ, ਉਹ ਰਜਿਸਟਰਾਰ ਜੋ ਉਸ ਰਾਜ ਲਈ ਨਿਯੁਕਤ ਕੀਤਾ ਗਿਆ ਹੋਵੇ ਜਿਸ ਵਿੱਚ ਟਰੇਡ ਯੂਨੀਅਨ ਦਾ ਮੁੱਖ ਦਫ਼ਤਰ ਜਾਂ ਰਜਿਸਟਰਸ਼ੁਦਾ ਦਫ਼ਤਰ, ਜਿਹੀ ਕਿ ਸੂਰਤ ਹੋਵੇ, ਸਥਿਤ ਹੈ;

(ਖ) "ਟਰੇਡ ਝਗੜਾ" ਦਾ ਮਤਲਬ ਹੈ ਨਿਯੋਜਕਾਂ ਅਤੇ ਕਾਮਿਆਂ ਵਿਚਕਾਰ ਜਾਂ ਕਾਮਿਆਂ ਅਤੇ ਕਾਮਿਆਂ ਵਿਚਕਾਰ, ਜਾਂ ਨਿਯੋਜਕਾਂ ਅਤੇ ਨਿਯੋਜਕਾਂ ਵਿਚਕਾਰ ਅਜਿਹਾ ਝਗੜਾ ਜਿਸ ਦਾ ਤੱਲਕ ਕਿਸੇ ਵਿਅਕਤੀ ਦੇ ਨਿਯੋਜਨ ਜਾਂ ਅਣਨਿਯੋਜਨ ਨਾਲ, ਜਾਂ ਨਿਯੋਜਨ ਦੇ ਨਿਬੰਧਨਾਂ ਜਾਂ ਮਜ਼ਦੂਰੀ ਦੀਆਂ ਸ਼ਰਤਾਂ ਨਾਲ ਹੋਵੇ, ਅਤੇ "ਕਾਮਿਆਂ" ਦਾ ਮਤਲਬ ਹੈ ਉਹ ਸਭ ਵਿਅਕਤੀ ਜੋ ਟਰੇਡ ਜਾਂ ਉਦਯੋਗ ਵਿੱਚ ਨਿਯੋਜਤ ਹੋਣ, ਭਾਵੇਂ ਉਹ ਉਸ ਨਿਯੋਜਕ ਦੇ ਜਿਸ ਨਾਲ ਟਰੇਡ ਝਗੜਾ ਪੈਦਾ ਹੁੰਦਾ ਹੈ, ਨਿਯੋਜਨ ਵਿੱਚ ਹੋਣ ਜਾਂ ਨ; ਅਤੇ

(ਗ) "ਟਰੇਡ ਯੂਨੀਅਨ" ਦਾ ਮਤਲਬ ਹੈ ਅਸਥਾਈ ਜਾਂ ਸਥਾਤੀ ਕੋਈ ਅਜਿਹਾ ਜੁੱਟ ਜੋ ਕਾਮਿਆਂ ਅਤੇ ਨਿਯੋਜਕਾਂ ਵਿਚਕਾਰ ਜਾਂ ਕਾਮਿਆਂ ਅਤੇ ਕਾਮਿਆਂ ਵਿਚਕਾਰ, ਜਾਂ ਨਿਯੋਜਕਾਂ ਅਤੇ ਨਿਯੋਜਕਾਂ ਵਿਚਕਾਰ ਸੰਬੰਧਾਂ ਨੂੰ ਵਿਨਿਯਮਤ ਕਰਨ ਦੇ ਪ੍ਰਯੋਜਨ ਲਈ, ਜਾਂ ਕਿਸੇ ਟਰੇਡ ਜਾਂ ਕਾਰੋਬਾਰ ਦੇ ਸੰਚਾਲਣ ਤੇ ਬੰਧੇਜੀ ਸ਼ਰਤਾਂ ਅਰੋਪਣ ਲਈ ਮੁੱਖ ਤੌਰ ਤੇ ਬਣਾਇਆ ਗਿਆ ਹੈ, ਅਤੇ ਇਸ ਵਿੱਚ ਦੋ ਜਾਂ ਵੱਧ ਟਰੇਡ ਯੂਨੀਅਨਾਂ ਦੀ ਫੈਡਰੇਸਨ ਸ਼ਾਮਲ ਹੈ :

ਪਰੰਤੂ ਇਹ ਐਕਟ—

(*i*) ਭਾਈਵਾਲਾਂ ਵਿਚਕਾਰ ਉਨ੍ਹਾਂ ਦੇ ਆਪਣੇ ਕਾਰੋਬਾਰ ਬਾਬਤ ਕਿਸੇ ਕਰਾਰ ਤੇ;

(*ii*) ਕਿਸੇ ਨਿਯੋਜਕ ਅਤੇ ਉਸ ਦੁਆਰਾ ਨਿਯੋਜਤ ਵਿਅਕਤੀਆਂ ਵਿਚਕਾਰ ਅਜਿਹੇ ਨਿਯੋਜਨ ਬਾਬਤ ਕਿਸੇ ਕਰਾਰ ਤੇ; ਜਾਂ

(*iii*) ਕਿਸੇ ਕਾਰੋਬਾਰ ਦੀ ਗੁਡਵਿਲ ਦੀ ਵਿੱਕਰੀ ਦੇ ਜਾਂ ਕਿਸੇ ਪੇਸ਼ੇ, ਟਰੇਡ ਜਾਂ ਦਸਤਕਾਰੀ ਵਿੱਚ ਸਿਖਿਆ ਦੇ ਬਦਲ ਵਿੱਚ ਕਿਸੇ ਕਰਾਰ ਤੇ, ਪ੍ਰਭਾਵ ਨਹੀਂ ਪਾਵੇਗਾ ।

ਅਧਿਆਏ II

ਟਰੇਡ ਯੂਨੀਅਨਾਂ ਦਾ ਰਜਿਸਟਰੀਕਰਣ

ਰਜਿਸਟਰਾਰਾਂ ਦੀ ਨਿਯੁਕਤੀ ।

3. (1) ਮੁਨਾਸਬ ਸਰਕਾਰ ਹਰਿਕ ਰਾਜ ਲਈ ਕਿਸੇ ਵਿਅਕਤੀ ਨੂੰ ਟਰੇਡ ਯੂਨੀਅਨਾਂ ਦਾ ਰਜਿਸਟਰਾਰ ਨਿਯੁਕਤ ਕਰੇਗੀ ।

(2) ਮੁਨਾਸਬ ਸਰਕਾਰ, ਇਸ ਐਕਟ ਅਧੀਨ ਰਜਿਸਟਰਾਰ ਦੀਆਂ ਅਜਿਹੀਆਂ ਸ਼ਕਤੀਆਂ ਅਤੇ ਕਾਜਕਾਰਾਂ ਦੀ, ਜੋ ਉਹ, ਹੁਕਮਾਂ ਦੁਆਰਾ ਉਲਿਖਤ ਕਰੇ, ਰਜਿਸਟਰਾਰ ਦੀ ਨਿਗਰਾਨੀ ਅਤੇ ਨਿਦੇਸ਼ ਅਧੀਨ ਵਰਤੋਂ ਕਰਨ ਅਤੇ ਨਿਭਾਉਣ ਦੇ ਪ੍ਰਯੋਜਨ ਲਈ ਟਰੇਡ ਯੂਨੀਅਨ ਦੇ ਉਤਨੇ ਅਤਿਰਿਕਤ ਰਜਿਸਟਰਾਰ ਅਤੇ ਉਪ-ਰਜਿਸਟਰਾਰ ਨਿਯੁਕਤ ਕਰ ਸਕੇਗੀ, ਜਿਤਨੇ ਉਹ ਠੀਕ ਸਮਝੇ ਅਤੇ ਉਹ ਸਥਾਨਕ ਸੀਮਾਵਾਂ, ਜਿਨ੍ਹਾਂ ਅੰਦਰ ਅਜਿਹਾ ਕੋਈ ਅਤਿਰਿਕਤ ਰਜਿਸਟਰਾਰ ਜਾਂ ਉਪ-ਰਜਿਸਟਰਾਰ ਇਸ ਤਰ੍ਹਾਂ ਉਲਿਖਤ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਕਾਜਕਾਰ ਨਿਭਾਵੇਗਾ, ਪਰਿਨਿਸਚਤ ਕਰ ਸਕੇਗੀ ।

(3) ਉਪ-ਧਾਰਾ (2) ਅਧੀਨ ਕਿਸੇ ਹੁਕਮ ਦੇ ਉਪਬੰਧਾਂ ਦੇ ਤਾਬੇ, ਜਿੱਥੇ ਕੋਈ ਅਤਿਰਿਕਤ ਰਜਿਸਟਰਾਰ ਜਾਂ ਉਪ-ਰਜਿਸਟਰਾਰ ਕਿਸੇ ਅਜਿਹੇ ਖੇਤਰ ਵਿਚ, ਜਿਸ ਅੰਦਰ ਕਿਸੇ ਟਰੇਡ ਯੂਨੀਅਨ ਦਾ ਰਜਿਸਟਰਸ਼ੁਦਾ ਦਫ਼ਤਰ ਸਥਿਤ ਹੈ, ਰਜਿਸਟਰਾਰ ਦੀਆਂ ਸ਼ਕਤੀਆਂ ਦੀ ਵਰਤੋਂ ਕਰਦਾ ਅਤੇ ਕਾਜਕਾਰ ਨਿਭਾਉਂਦਾ ਹੈ, ਉਥੇ ਉਹ ਅਤਿਰਿਕਤ ਰਜਿਸਟਰਾਰ ਜਾਂ ਉਪ ਰਜਿਸਟਰਾਰ ਇਸ ਐਕਟ ਦੇ ਪ੍ਰਯੋਜਨਾਂ ਲਈ ਉਸ ਟਰੇਡ ਯੂਨੀਅਨ ਦੇ ਸੰਬੰਧ ਵਿਚ ਰਜਿਸਟਰਾਰ ਸਮਝਿਆ ਜਾਵੇਗਾ ।

ਰਜਿਸਟਰੀਕਰਣ ਦੀ ਵਿੱਧੀ ।

4. (1) ਟਰੇਡ ਯੂਨੀਅਨ ਦੇ ਕੋਈ ਸੱਤ ਜਾਂ ਵੱਧ ਮੈਂਬਰ, ਉਸ ਟਰੇਡ ਯੂਨੀਅਨ ਦੇ ਨਿਯਮਾਂ ਤੇ ਆਪਣੇ ਨਾਵਾਂ ਦੇ ਦਸਖਤ ਕਰਕੇ ਅਤੇ ਰਜਿਸਟਰੀਕਰਣ ਬਾਰੇ ਇਸ ਐਕਟ ਦੇ ਉਪਬੰਧਾਂ ਦਾ ਹੋਰਵੇਂ ਪਾਲਣ ਕਰਕੇ, ਇਸ ਐਕਟ ਅਧੀਨ ਟਰੇਡ ਯੂਨੀਅਨ ਦੇ ਰਜਿਸਟਰੀਕਰਣ ਲਈ ਦਰਖ਼ਾਸਤ ਦੇ ਸਕਣਗੇ ।

(2) ਜਿੱਥੇ ਕਿਸੇ ਟਰੇਡ ਯੂਨੀਅਨ ਦੇ ਰਜਿਸਟਰੀਕਰਣ ਲਈ ਉਪ-ਧਾਰਾ (1) ਅਧੀਨ ਕੋਈ ਦਰਖ਼ਾਸਤ ਦਿੱਤੀ ਗਈ ਹੋਵੇ, ਉਥੇ ਅਜਿਹੀ ਦਰਖ਼ਾਸਤ ਕੇਵਲ ਇਸ ਤੱਥ ਕਾਰਨ ਨਾਜਾਇਜ਼ ਹੋਈ ਨਹੀਂ ਸਮਝੀ ਜਾਵੇਗੀ ਕਿ ਦਰਖ਼ਾਸਤ ਦੀ ਤਰੀਕ ਪਿੱਛੋਂ ਕਿਸੇ ਸਮੇਂ ਵੀ, ਪਰ ਟਰੇਡ ਯੂਨੀਅਨ ਦੇ ਰਜਿਸਟਰੀਕਰਣ ਤੋਂ ਪਹਿਲਾਂ ਕੁਝ ਦਰਖ਼ਾਸਤਕਾਰ, ਜਿਨ੍ਹਾਂ ਦੀ ਗਿਣਤੀ ਦਰਖ਼ਾਸਤ ਦੇਣ ਵਾਲੇ ਵਿਅਕਤੀਆਂ ਦੀ ਕੁੱਲ ਗਿਣਤੀ ਦੇ ਅੱਧ ਤੋਂ ਵੱਧ ਨ ਹੋਵੇ, ਟਰੇਡ ਯੂਨੀਅਨ ਦੇ ਮੈਂਬਰ ਨਹੀਂ ਰਹੇ, ਜਾਂ ਉਨ੍ਹਾਂ ਨੇ ਉਸ ਦਰਖ਼ਾਸਤ ਤੋਂ ਆਪਣੇ ਆਪ ਨੂੰ ਅਲੱਗ ਕਰਨ ਲਈ ਰਜਿਸਟਰਾਰ ਨੂੰ ਲਿਖਤੀ ਨੋਟਿਸ ਦੇ ਦਿੱਤਾ ਹੈ।

ਰਜਿਸਟਰੀ ਕਰਨ ਲਈ ਦਰਖ਼ਾਸਤ।

5. (1) ਟਰੇਡ ਯੂਨੀਅਨ ਰਜਿਸਟਰ ਕਰਾਉਣ ਲਈ ਹਰਿਕ ਦਰਖ਼ਾਸਤ ਰਜਿਸਟਰਾਰ ਨੂੰ ਦਿੱਤੀ ਜਾਵੇਗੀ ਅਤੇ ਉਸ ਨਾਲ ਟਰੇਡ ਯੂਨੀਅਨ ਦੇ ਨਿਯਮਾਂ ਦੀ ਇਕ ਨਕਲ ਅਤੇ ਹੇਠ-ਲਿਖੇ ਵੇਰਵਿਆਂ ਦਾ ਇਕ ਵਿਵਰਣ ਵੀ ਲੱਗਾਂ ਹੋਵੇਗਾ, ਅਰਥਾਤ :—

(ੳ) ਦਰਖ਼ਾਸਤ ਦੇਣ ਵਾਲ ਮੈਂਬਰਾਂ ਦੇ ਨਾਂ, ਉਪਜੀਵਕਾ ਅਤੇ ਪਤੇ;

(ਅ) ਟਰੇਡ ਯੂਨੀਅਨ ਦਾ ਨਾਂ ਅਤੇ ਉਸ ਦੇ ਮੁੱਖ ਦਫ਼ਤਰ ਦਾ ਪਤਾ; ਅਤੇ

(ੲ) ਟਰੇਡ ਯੂਨੀਅਨ ਦੇ ਅਹੁਦੇਦਾਰਾਂ ਦੀਆਂ ਪਦਵੀਆਂ, ਨਾਂ, ਉਮਰਾਂ ਅਤੇ ਉਪਜੀਵਕਾ।

(2) ਜਿੱਥੇ ਕੋਈ ਟਰੇਡ ਯੂਨੀਅਨ, ਆਪਣੇ ਰਜਿਸਟਰੀਕਰਣ ਲਈ ਦਰਖ਼ਾਸਤ ਦਿੱਤੇ ਜਾਣ ਤੋਂ ਪਹਿਲਾਂ ਇਕ ਸਾਲ ਤੋਂ ਵਧ ਤਕ ਹੋਂਦ ਵਿਚ ਰਹੀ ਹੋਵੇ, ਉਥੇ ਰਜਿਸਟਰਾਰ ਨੂੰ, ਅਜਿਹੀ ਦਰਖ਼ਾਸਤ ਸਮੇਤ, ਟਰੇਡ ਯੂਨੀਅਨ ਦੇ ਧਨ-ਧਾਮ ਅਤੇ ਦੇਣਦਾਰੀਆਂ ਦਾ, ਇਕ ਸਾਧਾਰਨ ਵਿਵਰਣ ਦਿੱਤਾ ਜਾਵੇਗਾ, ਜੋ ਅਜਿਹੇ ਫ਼ਾਰਮ ਵਿਚ ਤਿਆਰ ਕੀਤਾ ਜਾਵੇਗਾ ਅਤੇ ਜਿਸ ਵਿੱਚ ਅਜਿਹੇ ਵੇਰਵੇ ਦਰਜ ਹੋਣਗੇ, ਜੋ ਮੁਕੱਰਰ ਕੀਤੇ ਜਾਣ।

ਟਰੇਡ ਯੂਨੀਅਨ ਦੇ ਨਿਯਮਾਂ ਵਿਚ ਦਰਜ ਕੀਤੇ ਜਾਣ ਵਾਲੇ ਉਪਬੰਧ।

6. ਕੋਈ ਟਰੇਡ ਯੂਨੀਅਨ ਇਸ ਐਕਟ ਅਧੀਨ ਰਜਿਸਟਰ ਕੀਤੇ ਜਾਣ ਦੀ ਹੱਕਦਾਰ ਨਹੀਂ ਹੋਵੇਗੀ, ਜੇਕਰ ਉਸ ਦੀ ਕਾਰਜਪਾਲਕਾ ਇਸ ਐਕਟ ਦੇ ਉਪਬੰਧਾਂ ਦੀ ਅਨੁਸਾਰਤਾ ਵਿਚ ਗਠਿਤ ਨ ਕੀਤੀ ਗਈ ਹੋਵੇ, ਅਤੇ ਉਸ ਦੇ ਨਿਯਮ ਹੇਠ-ਲਿਖੇ ਵਿਸ਼ਿਆਂ ਲਈ ਉਪਬੰਧ ਨ ਕਰਦੇ ਹੋਣ, ਅਰਥਾਤ :—

(ੳ) ਟਰੇਡ ਯੂਨੀਅਨ ਦਾ ਨਾਂ;

(ਅ) ਉਹ ਸਭ ਉਦੇਸ਼ ਜਿਨ੍ਹਾਂ ਲਈ ਟਰੇਡ ਯੂਨੀਅਨ ਸਥਾਪਤ ਕੀਤੀ ਗਈ ਹੈ;

(ੲ) ਉਹ ਸਭ ਪ੍ਰਯੋਜਨ ਜਿਨ੍ਹਾਂ ਲਈ ਟਰੇਡ ਯੂਨੀਅਨ ਦੇ ਸਾਧਾਰਨ ਫ਼ੰਡ ਵਰਤੋਂਯੋਗ ਹੋਣਗੇ, ਜੋ ਸਭ ਪ੍ਰਯੋਜਨ ਅਜਿਹੇ ਪ੍ਰਯੋਜਨ ਹੋਣਗੇ ਜਿਨ੍ਹਾਂ ਲਈ ਅਜਿਹੇ ਫ਼ੰਡ ਇਸ ਐਕਟ ਅਧੀਨ ਕਾਨੂੰਨ ਪੂਰਬਕ ਵਰਤੋਂ ਵਿੱਚ ਲਿਆਂਦੇ ਜਾ ਸਕਦੇ ਹਨ ;

(ਸ) ਟਰੇਡ ਯੂਨੀਅਨ ਦੇ ਮੈਂਬਰਾਂ ਦੀ ਸੂਚੀ ਦਾ ਰਖਿਆ ਜਾਣਾ ਅਤੇ ਟਰੇਡ ਯੂਨੀਅਨ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਦੁਆਰਾ ਉਸ ਦੇ ਨਿਰੀਖਣ ਲਈ ਵੱਖੀਆਂ ਸਹੂਲਤਾਂ ;

(ਹ) ਉਨ੍ਹਾਂ ਸਾਧਾਰਨ ਮੈਂਬਰਾਂ ਦਾ ਦਾਖਲਾ, ਜੋ ਉਸ ਉਦਯੋਗ ਵਿੱਚ, ਜਿਸ ਨਾਲ ਉਸ ਟਰੇਡ ਯੂਨੀਅਨ ਦਾ ਤਲੱਕ ਹੈ, ਵਾਸਤਵ ਵਿਚ ਲੱਗੇ ਜਾਂ ਨਿਯੋਜਤ ਵਿਅਕਤੀ ਹੋਣ, ਅਤੇ ਅਹੁਦੇਦਾਰਾਂ ਵਜੋਂ ਉਨੇ ਆਨਰੇਰੀ ਜਾਂ ਅਸਥਾਈ ਮੈਂਬਰਾਂ ਦਾ ਦਾਖਲਾ ਵੀ, ਜਿੰਨੇ ਟਰੇਡ ਯੂਨੀਅਨ ਦੀ ਕਾਰਜਪਾਲਕਾ ਬਣਾਉਣ ਲਈ ਧਾਰਾ 22 ਅਧੀਨ ਲੋੜੀਂਦੇ ਹਨ;

(ਹਹ) ਟਰੇਡ ਯੂਨੀਅਨ ਦੇ ਮੈਂਬਰਾਂ ਦੁਆਰਾ ਚੰਦੇ ਦੀ ਅਦਾਇਗੀ, ਜੋ ਪ੍ਰਤੀ ਮੈਂਬਰ ਪੰਝੀ ਨਵੇਂ ਪੈਸੇ ਪ੍ਰਤੀ ਮਹੀਨਾ ਤੋਂ ਘੱਟ ਨਹੀਂ ਹੋਵੇਗਾ;

(ਕ) ਉਹ ਸ਼ਰਤਾਂ, ਜਿਨ੍ਹਾਂ ਅਧੀਨ ਕੋਈ ਮੈਂਬਰ ਕਿਸੇ ਅਜਿਹੇ ਫ਼ਾਇਦੇ ਦਾ ਹੱਕਦਾਰ ਹੋਵੇਗਾ, ਜੋ ਨਿਯਮਾਂ ਦੁਆਰਾ ਸੁਨਿਸਚਤ ਕੀਤਾ ਗਿਆ ਹੈ, ਅਤੇ ਜਿਨ੍ਹਾਂ ਅਧੀਨ ਕੋਈ ਜੁਰਮਾਨਾ ਜਾਂ ਜ਼ਬਤੀ ਮੈਂਬਰਾਂ ਤੇ ਅਰੋਪੀ ਜਾ ਸਕੇਗੀ ;

(ਖ) ਉਹ ਤਰੀਕਾ ਜਿਸ ਨਾਲ ਨਿਯਮਾਂ ਦੀ ਸੋਧ ਕੀਤੀ ਜਾਵੇਗੀ, ਉਨ੍ਹਾਂ ਵਿਚ ਅਦਲ-ਬਦਲ ਕੀਤਾ ਜਾਵੇਗਾ ਜਾਂ ਉਨ੍ਹਾਂ ਨੂੰ ਵਿਖੰਡਤ ਕੀਤਾ ਜਾਵੇਗਾ ;

(ਗ) ਉਹ ਤਰੀਕਾ ਜਿਸ ਨਾਲ ਕਾਰਜਪਾਲਕਾ ਦੇ ਮੈਂਬਰ ਅਤੇ ਟਰੇਡ ਯੂਨੀਅਨ ਦੇ ਹੋਰ ਮੈਂਬਰ ਨਿਯੁਕਤ ਕੀਤੇ ਜਾਣਗੇ ਅਤੇ ਹਟਾਏ ਜਾਣਗੇ ;

(ਘ) ਟਰੇਡ ਯੂਨੀਅਨ ਦੇ ਫੰਡਾਂ ਦੀ ਸੁਰੱਖਿਅਤ ਸੰਭਾਲ, ਉਸ ਦੇ ਲੇਖਿਆਂ ਦਾ, ਅਜਿਹੇ ਤਰੀਕੇ ਨਾਲ, ਜੋ ਮੁਕੱਰਰ ਕੀਤਾ ਜਾਵੇ, ਸਾਲਾਨਾ ਆਡਿਟ, ਅਤੇ ਟਰੇਡ ਯੂਨੀਅਨ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਦੁਆਰਾ ਲੇਖਾ-ਵਹੀਆਂ ਦੇ ਨਿਰੀਖਣ ਲਈ ਚੋਖੀਆਂ ਸਹੂਲਤਾਂ ; ਅਤੇ

(ਙ) ਉਹ ਤਰੀਕਾ ਜਿਸ ਨਾਲ ਟਰੇਡ ਯੂਨੀਅਨ ਤੋੜੀ ਜਾ ਸਕੇਗੀ ।

ਹੋਰ ਵੇਰਵੇ ਮੰਗਣ ਅਤੇ ਨਾਂ ਵਿੱਚ ਬਦਲੀ ਕਰਨਾ ਲੋੜਨ ਦੀ ਸ਼ਕਤੀ ।

7. (1) ਰਜਿਸਟਰਾਰ, ਆਪਣੀ ਇਹ ਤਸੱਲੀ ਕਰਨ ਦੇ ਪ੍ਰਯੋਜਨ ਲਈ ਕਿ ਕੋਈ ਦਰਖਾਸਤ ਧਾਰਾ 5 ਦੇ ਉਪਬੰਧਾਂ ਦਾ ਪਾਲਣ ਕਰਦੀ ਹੈ, ਜਾਂ ਟਰੇਡ ਯੂਨੀਅਨ ਧਾਰਾ 6 ਅਧੀਨ ਰਜਿਸਟਰ ਕੀਤੇ ਜਾਣ ਦੀ ਹੱਕਦਾਰ ਹੈ, ਹੋਰ ਜਾਣਕਾਰੀ ਮੰਗ ਸਕੇਗਾ, ਅਤੇ ਜਦ ਤਕ ਅਜਿਹੀ ਜਾਣਕਾਰੀ ਨਹੀਂ ਦੇ ਦਿੱਤੀ ਜਾਂਦੀ, ਤਦ ਤਕ ਉਸ ਟਰੇਡ ਯੂਨੀਅਨ ਨੂੰ ਰਜਿਸਟਰ ਕਰਨ ਤੋਂ ਇਨਕਾਰ ਕਰ ਸਕੇਗਾ ।

(2) ਜੇ ਉਹ ਨਾਂ ਜਿਸ ਅਧੀਨ ਕਿਸੇ ਟਰੇਡ ਯੂਨੀਅਨ ਦੇ ਰਜਿਸਟਰ ਕੀਤੇ ਜਾਣ ਦੀ ਤਜਵੀਜ਼ ਹੈ, ਉਸ ਨਾਂ ਦੇ ਸਮਰੂਪ ਹੈ ਜਿਸ ਨਾਲ ਕੋਈ ਹੋਰ ਮੌਜੂਦਾ ਟਰੇਡ ਯੂਨੀਅਨ ਰਜਿਸਟਰ ਕੀਤੀ ਗਈ ਹੈ, ਜਾਂ ਰਜਿਸਟਰਾਰ ਦੀ ਰਾਏ ਵਿਚ, ਅਜਿਹੇ ਨਾਂ ਨਾਲ ਇੰਨਾ ਮਿਲਦਾ ਜੁਲਦਾ ਹੈ ਕਿ ਉਸ ਨਾਲ ਲੋਕਾਂ ਦਾ ਜਾਂ ਉਨ੍ਹਾਂ ਟਰੇਡ ਯੂਨੀਅਨਾਂ ਵਿੱਚੋਂ ਕਿਸੇ ਦੇ ਮੈਂਬਰਾਂ ਦਾ ਧੋਖੇ ਵਿੱਚ ਪੈ ਜਾਣਾ ਸੰਭਾਵੀ ਹੈ, ਤਾਂ ਰਜਿਸਟਰਾਰ ਰਜਿਸਟਰੀਕਰਣ ਲਈ ਦਰਖਾਸਤ ਦੇਣ ਵਾਲੇ ਵਿਅਕਤੀਆਂ ਤੋਂ ਇਹ ਲੋੜ ਸਕੇਗਾ ਕਿ ਉਹ ਦਰਖਾਸਤ ਵਿੱਚ ਕਥਿਤ ਟਰੇਡ ਯੂਨੀਅਨ ਦੇ ਨਾਂ ਨੂੰ ਬਦਲ ਦੇਣ, ਅਤੇ ਜਦ ਤਕ ਅਜਿਹੀ ਬਦਲੀ ਨਹੀਂ ਕਰ ਦਿੱਤੀ ਜਾਂਦੀ ਤਦ ਤਕ ਉਸ ਯੂਨੀਅਨ ਨੂੰ ਰਜਿਸਟਰ ਕਰਨ ਤੋਂ ਇਨਕਾਰ ਕਰ ਦੇਵੇਗਾ ।

ਰਜਿਸਟਰੀਕਰਣ ।

8. ਰਜਿਸਟਰਾਰ, ਆਪਣੀ ਤਸੱਲੀ ਹੋ ਜਾਣ ਤੇ ਕਿ ਟਰੇਡ ਯੂਨੀਅਨ ਨੇ ਰਜਿਸਟਰੀਕਰਣ ਬਾਰੇ ਇਸ ਐਕਟ ਦੀਆਂ ਸਭ ਲੋੜਾਂ ਦੀ ਪੂਰਤੀ ਕਰ ਦਿੱਤੀ ਹੈ, ਉਸ ਟਰੇਡ ਯੂਨੀਅਨ ਨੂੰ ਅਜਿਹੇ ਰਜਿਸਟਰ ਵਿੱਚ, ਜੋ ਅਜਿਹੇ ਫ਼ਾਰਮ ਵਿੱਚ ਰੱਖਿਆ ਜਾਵੇਗਾ, ਜੋ ਮੁਕੱਰਰ ਕੀਤਾ ਜਾਵੇ, ਟਰੇਡ ਯੂਨੀਅਨ ਨਾਲ ਸੰਬੰਧਤ ਅਜਿਹੇ ਵੇਰਵੇ ਦਰਜ ਕਰਕੇ ਰਜਿਸਟਰ ਕਰੇਗਾ, ਜੋ ਰਜਿਸਟਰੀਕਰਣ ਲਈ ਦਰਖਾਸਤ ਨਾਲ ਦਿੱਤੇ ਵਿਵਰਣ ਵਿੱਚ ਦਰਜ ਹੋਣ ।

ਰਜਿਸਟਰੀਕਰਣ ਦਾ ਪ੍ਰਮਾਣ-ਪੱਤਰ ।

9. ਰਜਿਸਟਰਾਰ, ਧਾਰਾ 8 ਅਧੀਨ ਕਿਸੇ ਟਰੇਡ ਯੂਨੀਅਨ ਨੂੰ ਰਜਿਸਟਰ ਕਰ ਲੈਣ ਤੇ, ਰਜਿਸਟਰੀ ਕਰਣ ਦਾ ਪ੍ਰਮਾਣ-ਪੱਤਰ ਮੁਕੱਰਰ ਫ਼ਾਰਮ ਵਿਚ ਦੇਵੇਗਾ, ਜੋ ਇਸ ਗੱਲ ਦੀ ਨਿਰਣੇਈ ਸ਼ਹਾਦਤ ਹੋਵੇਗਾ ਕਿ ਟਰੇਡ ਯੂਨੀਅਨ ਇਸ ਐਕਟ ਅਧੀਨ ਠੀਕ ਤੌਰ ਤੇ ਰਜਿਸਟਰ ਕੀਤੀ ਗਈ ਹੈ ।

ਰਜਿਸਟਰੀਕਰਣ ਦੀ ਮਨਸੂਖੀ ।

10. ਟਰੇਡ ਯੂਨੀਅਨ ਦੇ ਰਜਿਸਟਰੀਕਰਣ ਦਾ ਪ੍ਰਮਾਣ-ਪੱਤਰ ਰਜਿਸਟਰਾਰ ਦੁਆਰਾ—

(ੳ) ਟਰੇਡ ਯੂਨੀਅਨ ਦੀ ਦਰਖਾਸਤ ਤੇ, ਜਿਸ ਨੂੰ ਅਜਿਹੇ ਤਰੀਕੇ ਨਾਲ ਤਸਦੀਕ ਕੀਤਾ ਜਾਵੇਗਾ, ਜੋ ਮੁਕੱਰਰ ਕੀਤਾ ਜਾਵੇ, ਜਾਂ

(ਅ) ਜੇ ਰਜਿਸਟਰਾਰ ਦੀ ਤਸੱਲੀ ਹੋ ਜਾਂਦੀ ਹੈ ਕਿ ਪ੍ਰਮਾਣ-ਪੱਤਰ ਕਪਟ ਜਾਂ ਭੁੱਲ ਦੁਆਰਾ ਹਾਸਲ ਕੀਤਾ ਗਿਆ ਹੈ, ਜਾਂ ਟਰੇਡ ਯੂਨੀਅਨ ਹੋਂਦ ਵਿੱਚ ਨਹੀਂ ਰਹੀ ਹੈ, ਜਾਂ ਉਸ ਨੇ ਜਾਣ-ਬੁੱਝ ਕੇ ਅਤੇ ਰਜਿਸਟਰਾਰ ਤੋਂ ਨੋਟਿਸ ਮਿਲਣ ਤੋਂ ਪਿੱਛੋਂ ਇਸ ਐਕਟ ਦੇ ਕਿਸੇ ਉਪਬੰਧ ਦੀ ਉਲੰਘਣਾ ਕੀਤੀ ਹੈ ਜਾਂ ਕਿਸੇ ਨਿਯਮ ਨੂੰ ਜੋ ਅਜਿਹੇ ਕਿਸੇ ਉਪਬੰਧ ਨਾਲ ਅਸੰਗਤ ਹੈ, ਨਾਫ਼ਜ਼ ਰਹਿਣ ਦਿੱਤਾ ਹੈ, ਜਾਂ ਕਿਸੇ ਅਜਿਹੇ ਮਾਮਲੇ ਦਾ, ਜਿਸ

ਲਈ ਉਪਬੰਧ ਕਰਨਾ ਧਾਰਾ 6 ਦਆਰਾ ਲੋੜੀਂਦਾ ਹੈ, ਉਪਬੰਧ ਕਰਨ ਵਾਲੇ ਕਿਸੇ ਨਿਯਮ ਨੂੰ ਵਿਖੰਡਤ ਕੀਤਾ ਹੈ,

ਵਾਪਸ ਲਿਆ ਜਾਂ ਮਨਸੂਖ ਕੀਤਾ ਜਾ ਸਕੇਗਾ :

ਪਰੰਤੂ ਟਰੇਡ ਯੂਨੀਅਨ ਦੀ ਦਰਖ਼ਾਸਤ ਤੋਂ ਹੋਰਵੇਂ , ਪ੍ਰਮਾਣ-ਪੱਤਰ ਵਾਪਸ ਲੈਣ ਜਾਂ ਮਨਸੂਖ ਕਰਨ ਤੋਂ ਪਹਿਲਾਂ, ਰਜਿਸਟਰਾਰ, ਟਰੇਡ ਯੂਨੀਅਨ ਨੂੰ ਲਿਖਤੀ ਰੂਪ ਵਿਚ ਘੱਟ ਤੋਂ ਘੱਟ ਦੋ ਮਹੀਨੇ ਦਾ ਪੂਰਵ ਨੋਟਿਸ ਦੇਵੇਗਾ, ਜਿਸ ਵਿੱਚ ਉਹ ਆਧਾਰ ਉਲਿਖਤ ਹੋਵੇਗਾ ਜਿਸ ਤੇ ਉਸ ਪ੍ਰਮਾਣ-ਪੱਤਰ ਨੂੰ ਵਾਪਸ ਲੈਣ ਜਾਂ ਮਨਸੂਖ ਕਰਨ ਦੀ ਤਜਵੀਜ਼ ਹੈ ।

ਅਪੀਲ ।

11. (1) ਕਿਸੇ ਟਰੇਡ ਯੂਨੀਅਨ ਨੂੰ ਰਜਿਸਟਰ ਕਰਨ ਤੋਂ ਰਜਿਸਟਰਾਰ ਦੇ ਕਿਸੇ ਇਨਕਾਰ ਤੋਂ, ਜਾਂ ਰਜਿਸਟਰੀਕਰਣ ਦੇ ਪ੍ਰਮਾਣ-ਪੱਤਰ ਦੇ ਵਾਪਸ ਲਏ ਜਾਣ ਜਾਂ ਮਨਸੂਖ ਕੀਤੇ ਜਾਣ ਤੋਂ ਦੁਖਿਤ ਕੋਈ ਵਿਅਕਤੀ, ਅਜਿਹੀ ਮੁੱਦਤ ਅੰਦਰ, ਜੋ ਮੁਕੱਰਰ ਕੀਤੀ ਜਾਵੇ,—

(ੳ) ਜਿੱਥੇ ਟਰੇਡ ਯੂਨੀਅਨ ਦਾ ਮੁੱਖ ਦਫ਼ਤਰ ਕਿਸੇ ਪ੍ਰੈਜ਼ੀਡੈਂਸੀ-ਨਗਰ ਦੀਆਂ ਸੀਮਾਵਾਂ ਅੰਦਰ ਸਥਿਤ ਹੈ, ਉਥੇ ਉੱਚ ਅਦਾਲਤ ਨੂੰ, ਜਾਂ

(ਅ) ਜਿੱਥੇ ਮੁੱਖ ਦਫ਼ਤਰ ਕਿਸੇ ਹੋਰ ਖੇਤਰ ਵਿੱਚ ਸਥਿਤ ਹੈ, ਉਥੇ ਅਜਿਹੀ ਅਦਾਲਤ ਨੂੰ, ਜੋ ਅਰੰਭਕ ਅਧਿਕਾਰਤਾ ਵਾਲੀ ਮੁੱਖ ਦੀਵਾਨੀ ਅਦਾਲਤ ਦੇ ਅਤਿਰਿਕਤ ਜੱਜ ਜਾਂ ਸਹਾਇਕ ਜੱਜ ਦੀ ਅਦਾਲਤ ਤੋਂ ਅਦਨਾ ਨ ਹੋਵੇ, ਜਿਸ ਨੂੰ ਮੁਨਾਸਬ ਸਰਕਾਰ ਉਸ ਖੇਤਰ ਲਈ ਇਸ ਨਮਿਤ ਨਿਯੁਕਤ ਕਰੇ,

ਅਪੀਲ ਕਰ ਸਕੇਗਾ ।

(2) ਅਪੀਲੀ ਅਦਾਲਤ ਅਪੀਲ ਖ਼ਾਰਜ ਕਰ ਸਕੇਗੀ, ਜਾਂ ਮੈਜਿਸਟਰੇਟ ਨੂੰ ਇਹ ਨਿਦੇਸ਼ ਦਿੰਦਾ ਹੁਕਮ ਪਾਸ ਕਰ ਸਕੇਗੀ ਕਿ ਉਹ ਯੂਨੀਅਨ ਨੂੰ ਰਜਿਸਟਰ ਕਰੇ ਅਤੇ ਧਾਰਾ 9 ਦੇ ਉਪਬੰਧਾਂ ਅਧੀਨ ਰਜਿਸਟਰੀਕਰਣ ਦਾ ਪ੍ਰਮਾਣ-ਪੱਤਰ ਜਾਰੀ ਕਰੇ, ਜਾਂ ਅਜਿਹੇ ਪ੍ਰਮਾਣ-ਪੱਤਰ ਦੇ ਵਾਪਸ ਲਏ ਜਾਣ ਜਾਂ ਮਨਸੂਖ ਕੀਤੇ ਜਾਣ, ਜਿਹੀ ਕਿ ਸੂਰਤ ਹੋਵੇ, ਦੇ ਹੁਕਮ ਨੂੰ ਰੱਦ ਕਰਨ ਵਾਲਾ ਹੁਕਮ ਕਰ ਸਕੇਗੀ, ਅਤੇ ਰਜਿਸਟਰਾਰ ਅਜਿਹੇ ਹੁਕਮ ਦਾ ਪਾਲਣ ਕਰੇਗਾ ।

1908 ਦਾ 5

(3) ਅਪੀਲੀ ਅਦਾਲਤ, ਉਪ-ਧਾਰਾ (1) ਅਧੀਨ ਅਪੀਲ ਦੇ ਪ੍ਰਯੋਜਨ ਲਈ, ਜਿੱਥੋਂ ਤਕ ਹੋ ਸਕੇ, ਉਹੀ ਜ਼ਾਬਤਾ ਅਪਣਾਏਗੀ ਅਤੇ ਉਹੀ ਸ਼ਕਤੀਆਂ ਰਖੇਗੀ ਜੋ ਦੀਵਾਨੀ ਜ਼ਾਬਤਾ ਸੰਘਤਾ, 1908 ਅਧੀਨ ਕਿਸੇ ਦਾਵੇ ਦਾ ਵਿਚਾਰਣ ਕਰਨ ਸਮੇਂ ਉਹ ਅਪਣਾਉਂਦੀ ਹੈ ਜਾਂ ਰਖਦੀ ਹੈ, ਅਤੇ ਇਹ ਨਿਦੇਸ਼ ਦੇ ਸਕੇਗੀ ਕਿ ਅਪੀਲ ਦਾ ਪੂਰਾ ਖਰਚਾ ਜਾਂ ਉਸ ਦਾ ਕੋਈ ਭਾਗ ਕਿਸ ਦੁਆਰਾ ਅਦਾ ਕੀਤਾ ਜਾਵੇਗਾ, ਅਤੇ ਅਜਿਹਾ ਖਰਚਾ ਉਸੇ ਤਰ੍ਹਾਂ ਵਸੂਲ ਕੀਤਾ ਜਾਵੇਗਾ, ਮਾਨੋਂ ਉਹ ਉਕਤ ਸੰਘਤਾ ਅਧੀਨ ਕਿਸੇ ਦਾਵੇ ਵਿਚ ਦਿੱਤਾ ਗਿਆ ਹੋਵੇ ।

(4) ਉਪ-ਧਾਰਾ (1) ਦੇ ਖੰਡ (ਅ) ਅਧੀਨ ਨਿਯੁਕਤ ਕਿਸੇ ਅਦਾਲਤ ਦੁਆਰਾ ਅਪੀਲ ਖ਼ਾਰਜ ਕਰ ਦਿੱਤੇ ਜਾਣ ਦੀ ਹਾਲਤ ਵਿੱਚ, ਦੁਖਿਤ ਵਿਅਕਤੀ ਨੂੰ ਉੱਚ ਅਦਾਲਤ ਨੂੰ ਅਪੀਲ ਕਰਨ ਦਾ ਅਧਿਕਾਰ ਹੋਵੇਗਾ, ਅਤੇ ਉੱਚ ਅਦਾਲਤ ਨੂੰ, ਅਜਿਹੀ ਅਪੀਲ ਦੇ ਪ੍ਰਯੋਜਨ ਲਈ, ਉਪ-ਧਾਰਾਵਾਂ (2) ਅਤੇ (3) ਅਧੀਨ ਅਪੀਲੀ ਅਦਾਲਤ ਦੀਆਂ ਸਭ ਸ਼ਕਤੀਆਂ ਹੋਣਗੀਆਂ ਅਤੇ ਉਨ੍ਹਾਂ ਉਪ-ਧਾਰਾਵਾਂ ਦੇ ਉਪਬੰਧ ਉਸ ਦੇ ਅਨੁਸਾਰ ਲਾਗੂ ਹੋਣਗੇ ।

ਰਜਿਸਟਰਸ਼ੁਦਾ ਦਫ਼ਤਰ ।

12. ਰਜਿਸਟਰਸ਼ੁਦਾ ਟਰੇਡ ਯੂਨੀਅਨ ਨੂੰ ਦਿੱਤੀਆਂ ਜਾਣ ਵਾਲੀਆਂ ਸਭ ਸੰਸੂਚਨਾਵਾਂ ਅਤੇ ਨੋਟਿਸ, ਉਸ ਦੇ ਰਜਿਸਟਰਸ਼ੁਦਾ ਦਫ਼ਤਰ ਦੇ ਪਤੇ ਤੇ ਭੇਜੇ ਜਾ ਸਕਣਗੇ । ਮੁੱਖ ਦਫ਼ਤਰ ਦੇ ਪਤੇ ਵਿੱਚ ਕਿਸੇ ਤਬਦੀਲੀ ਦਾ ਨੋਟਿਸ ਅਜਿਹੀ ਤਬਦੀਲੀ ਦੇ ਚੌਦਾਂ ਦਿਨ ਅੰਦਰ, ਰਜਿਸਟਰਾਰ ਨੂੰ ਲਿਖਤੀ ਰੂਪ ਵਿੱਚ ਦਿੱਤਾ ਜਾਵੇਗਾ, ਅਤੇ ਬਦਲਿਆ ਹੋਇਆ ਪਤਾ ਧਾਰਾ 8 ਵਿੱਚ ਹਵਾਲਾ ਦਿੱਤੇ ਰਜਿਸਟਰ ਵਿੱਚ ਰਿਕਾਰਡ ਕੀਤਾ ਜਾਵੇਗਾ ।

ਰਜਿਸਟਰਸ਼ੁਦਾ ਟਰੇਡ ਯੂਨੀਅਨ ਦਾ ਨਿਗਮਨ ।

13. ਹਰਿਕ ਰਜਿਸਟਰਸ਼ੁਦਾ ਟਰੇਡ ਯੂਨੀਅਨ ਉਸ ਨਾਂ ਦੀ, ਜਿਸ ਅਧੀਨ ਉਹ ਰਜਿਸਟਰ ਕੀਤੀ ਗਈ ਹੈ, ਇਕ ਅਜਿਹੀ ਨਿਗਮ ਬੌਡੀ ਹੋਵੇਗੀ, ਜਿਸ ਦਾ ਸਦੀਵੀ ਉਤਰ-ਅਧਿਕਾਰ ਹੋਵੇਗਾ ਅਤੇ ਇਕ ਸਾਂਝੀ ਮੁਹਰ ਹੋਵੇਗੀ, ਜਿਸ ਨੂੰ ਚੁੱਕਵੀਂ ਅਤੇ ਅਚੁੱਕਵੀਂ ਦੋਹਾਂ ਪ੍ਰਕਾਰ ਦੀ ਸੰਪਤੀ ਅਰਜਤ ਕਰਨ ਅਤੇ ਧਾਰਨ ਕਰਨ ਦੀ, ਅਤੇ ਮੁਆਇਦਾ ਕਰਨ ਦੀ ਸ਼ਕਤੀ ਹੋਵੇਗੀ, ਅਤੇ ਜੋ ਉਸ ਨਾਂ ਨਾਲ ਦਾਵਾ ਕਰ ਸਕੇਗੀ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ ।

ਕੁਝ ਕੁ ਐਕਟਾਂ ਦਾ ਰਜਿਸਟਰਸ਼ੁਦਾ ਟਰੇਡ ਯੂਨੀਅਨ ਨੂੰ ਲਾਗੂ ਨ ਹੋਣਾ ।

14. ਹੇਠ-ਲਿਖੇ ਐਕਟ, ਅਰਥਾਤ—

(ੳ) ਸੋਸਾਇਟੀ ਰਜਿਸਟਰੀਕਰਣ ਐਕਟ, 1860 (1860 ਦਾ 21) ,

(ਅ) ਸਹਿਕਾਰੀ ਸੋਸਾਇਟੀ ਐਕਟ, 1912 (1912 ਦਾ 2),

(ੲ) ਕੰਪਨੀ ਐਕਟ, 1956 (1956 ਦਾ 1),

ਕਿਸੇ ਰਜਿਸਟਰਸ਼ੁਦਾ ਟਰੇਡ ਯੂਨੀਅਨ ਨੂੰ ਲਾਗੂ ਨਹੀਂ ਹੋਣਗੇ, ਅਤੇ ਅਜਿਹੀ ਕਿਸੇ ਟਰੇਡ ਯੂਨੀਅਨ ਦਾ ਅਜਿਹੇ ਕਿਸੇ ਐਕਟ ਅਧੀਨ ਰਜਿਸਟਰੀਕਰਣ ਸੁੰਨ ਹੋਵੇਗਾ ।

ਅਧਿਆਏ III

ਰਜਿਸਟਰਸ਼ੁਦਾ ਟਰੇਡ ਯੂਨੀਅਨਾਂ ਦੇ ਅਧਿਕਾਰ ਅਤੇ ਦੇਣਦਾਰੀਆਂ

ਉਦੇਸ਼ ਜਿਨ੍ਹਾਂ ਤੇ ਸਾਧਾਰਨ ਫੰਡ ਖ਼ਰਚ ਕੀਤੇ ਜਾ ਸਕਣਗੇ ।

15. ਰਜਿਸਟਰਸ਼ੁਦਾ ਟਰੇਡ ਯੂਨੀਅਨਾਂ ਦੇ ਸਾਧਾਰਨ ਫੰਡ ਹੇਠ-ਲਿਖਿਆਂ ਤੋਂ ਬਿਨਾਂ ਕੋਈ ਹੋਰ ਉਦੇਸ਼ਾਂ ਤੇ ਖ਼ਰਚ ਨਹੀਂ ਕੀਤੇ ਜਾਣਗੇ, ਅਰਥਾਤ :—

(ੳ) ਟਰੇਡ ਯੂਨੀਅਨ ਦੇ ਅਹੁਦੇਦਾਰਾਂ ਨੂੰ ਤਨਖ਼ਾਹਾਂ, ਭੱਤਿਆਂ ਅਤੇ ਖ਼ਰਚਾਂ ਦੀ ਅਦਾਇਗੀ ;

(ਅ) ਟਰੇਡ ਯੂਨੀਅਨ ਦੇ ਪ੍ਰਸ਼ਾਸਨ ਲਈ ਖ਼ਰਚਾਂ ਦੀ ਅਦਾਇਗੀ, ਜਿਸ ਵਿਚ ਟਰੇਡ ਯੂਨੀਅਨ ਦੇ ਸਾਧਾਰਨ ਫ਼ੰਡਾਂ ਦੇ ਲੇਖਿਆਂ ਦਾ ਆਡਿਟ ਸ਼ਾਮਲ ਹੈ ;

(ੲ) ਕਿਸੇ ਅਜਿਹੀ ਕਾਨੂੰਨੀ ਕਾਰਵਾਈ ਦੀ ਪ੍ਰਾਸੀਕਿਊਸ਼ਨ ਜਾਂ ਜਵਾਬਦਿਹੀ, ਜਿਸ ਦੀ ਟਰੇਡ ਯੂਨੀਅਨ ਜਾਂ ਉਸ ਦਾ ਕੋਈ ਮੈਂਬਰ ਇਕ ਧਿਰ ਹੈ, ਜਦ ਅਜਿਹੀ ਪ੍ਰਾਸੀਕਿਊਸ਼ਨ ਜਾਂ ਜਵਾਬਦਿਹੀ ਟਰੇਡ ਯੂਨੀਅਨ ਦੀ ਉਸ ਹੈਸੀਅਤ ਵਿਚ ਉਸ ਦੇ ਅਧਿਕਾਰਾਂ ਨੂੰ ਜਾਂ ਕਿਸੇ ਮੈਂਬਰ ਦੇ ਆਪਣੇ ਨਿਯੋਜਕ ਨਾਲ ਜਾਂ ਉਸ ਵਿਅਕਤੀ ਨਾਲ ਜਿਸ ਨੂੰ ਉਹ ਮੈਂਬਰ ਨਿਯੋਜਤ ਕਰਦਾ ਹੈ, ਸੰਬੰਧਾਂ ਤੋਂ ਪੈਦਾ ਹੋਣ ਵਾਲੇ ਅਧਿਕਾਰਾਂ ਨੂੰ, ਸੁਨਿਸਚਤ ਕਰਨ ਜਾਂ ਉਨ੍ਹਾਂ ਦੀ ਹਿਫ਼ਾਜ਼ਤ ਕਰਨ ਦੇ ਪ੍ਰਯੋਜਨ ਲਈ ਕੀਤੀ ਜਾਂਦੀ ਹੈ ;

(ਸ) ਟਰੇਡ ਯੂਨੀਅਨ ਜਾਂ ਉਸ ਦੇ ਕਿਸੇ ਮੈਂਬਰ ਦੀ ਤਰਫ਼ੋਂ ਟਰੇਡ ਝਗੜਿਆਂ ਦਾ ਸੰਚਾਲਣ ;

(ਹ) ਟਰੇਡ ਝਗੜਿਆਂ ਤੋਂ ਪੈਦਾ ਹੋਣ ਵਾਲੇ ਹਾਨ ਲਈ ਮੈਂਬਰ ਨੂੰ ਮੁਆਵਜ਼ਾ ;

(ਕ) ਮੈਂਬਰਾਂ ਦੀ ਮੌਤ, ਬੁਢਾਪੇ, ਬੀਮਾਰੀ, ਦੁਰਘਟਨਾਵਾਂ ਜਾਂ ਬੇਰੋਜ਼ਗਾਰੀ ਕਾਰਨ ਮੈਂਬਰਾਂ ਜਾਂ ਉਨ੍ਹਾਂ ਦੇ ਆਸਰਿਤਾਂ ਨੂੰ ਦਿੱਤੇ ਜਾਣ ਵਾਲੇ ਭੱਤੇ ;

(ਖ) ਮੈਂਬਰਾਂ ਦੇ ਜੀਵਨ ਦੀਆਂ ਬੀਮਾਂ ਪਾਲਿਸੀਆਂ ਜਾਂ ਬੀਮਾਰੀ, ਦੁਰਘਟਨਾ ਜਾਂ ਬੇਰੋਜ਼ਗਾਰੀ ਵਿਰੁੱਧ ਮੈਂਬਰਾਂ ਦੀਆਂ ਬੀਮਾਂ ਪਾਲਿਸੀਆਂ ਦਾ ਜਾਰੀ ਕੀਤਾ ਜਾਣਾ ਜਾਂ ਉਨ੍ਹਾਂ ਅਧੀਨ ਦੇਣਦਾਰੀ ਜਿੰਮੇ ਲੈਣਾ ;

(ਗ) ਮੈਂਬਰਾਂ ਲਈ ਜਾਂ ਮੈਂਬਰਾਂ ਦੇ ਆਸਰਿਤਾਂ ਲਈ ਸਿਖਿਅਕ, ਸਮਾਜਕ ਜਾਂ ਧਾਰਮਕ ਸਹੂਲਤਾਂ ਦਾ, (ਜਿਨ੍ਹਾਂ ਵਿੱਚ ਮਿਰਤ ਮੈਂਬਰਾਂ ਦੇ ਅੰਤੇਸ਼ਠੀ ਜਾਂ ਧਾਰਮਕ ਸੰਸਕਾਰਾਂ ਦੇ ਖ਼ਰਚਿਆਂ ਦੀ ਅਦਾਇਗੀ ਸ਼ਾਮਲ ਹੈ), ਉਪਬੰਧ ਕਰਨਾ;

(ਘ) ਮੁੱਖ ਤੌਰ ਤੇ, ਨਿਯੋਜਕਾਂ ਜਾਂ ਕਾਮਿਆਂ ਦੀ ਉਸ ਹੈਸੀਅਤ ਵਿਚ ਉਨ੍ਹਾਂ ਤੇ ਪ੍ਰਭਾਵ ਪਾਉਣ ਵਾਲੇ ਸਵਾਲਾਂ ਤੇ ਚਰਚਾ ਕਰਨ ਦੇ ਪ੍ਰਯੋਜਨ ਲਈ ਪ੍ਰਕਾਸ਼ਤ ਕੀਤੇ ਜਾਂਦੇ ਰਸਾਲੇ ਚਾਲੂ ਰਖਣਾ ;

(ਙ) ਉਨ੍ਹਾਂ ਉਦੇਸ਼ਾਂ ਵਿੱਚੋਂ, ਜਿਨ੍ਹਾਂ ਤੇ ਟਰੇਡ ਯੂਨੀਅਨ ਦੇ ਸਾਧਾਰਨ ਫ਼ੰਡ ਖ਼ਰਚ ਕੀਤੇ ਜਾ ਸਕਦੇ ਹਨ, ਕਿਸੇ ਨੂੰ ਅੱਗੇ ਵਧਾਉਣ ਵਿਚ ਅੰਸ਼ਦਾਨਾਂ ਦੀ ਕਿਸੇ ਅਜਿਹੇ ਮੰਤਵ ਲਈ ਅਦਾਇਗੀ, ਜਿਸਦਾ ਮਨਸ਼ਾ ਆਮ ਤੌਰ ਤੇ ਕਾਮਿਆਂ ਨੂੰ ਫਾਇਦਾ ਪਹੁੰਚਾਉਣਾ ਹੈ, ਪਰੰਤੂ ਅਜਿਹੇ ਅੰਸ਼ਦਾਨਾਂ ਬਾਰੇ ਕਿਸੇ ਵਿੱਤੀ ਸਾਲ ਵਿੱਚ ਖ਼ਰਚ ਕਿਸੇ ਸਮੇਂ ਵੀ, ਉਸ ਕੁਲ ਜੋੜ ਦੇ ਇੱਕ-ਚੌਥਾਈ ਤੋਂ ਵਧੀਕ ਨਹੀਂ ਹੋਵੇਗਾ ਜੋ ਉਸ ਸਾਲ ਦੇ ਦੌਰਾਨ ਉਸ ਸਮੁੱਚੀ ਆਮਦਨ ਨੂੰ, ਜੋ ਉਸ ਟਰੇਡ ਯੂਨੀਅਨ ਦੇ ਸਾਧਾਰਨ ਫ਼ੰਡਾਂ ਵਿੱਚ ਉਸ ਸਾਲ ਦੇ ਦੌਰਾਨ ਉਸ ਸਮੇਂ ਤੱਕ ਹਾਸਲ ਹੋਈ ਹੋਵੇ, ਅਤੇ ਉਸ ਸਾਲ ਦੇ ਅਰੰਭ ਤੇ ਉਨ੍ਹਾਂ ਫ਼ੰਡਾਂ ਵਿੱਚ ਜਮ੍ਹਾਂ ਬਕਾਏ ਨੂੰ, ਮਿਲਾਕੇ ਆਵੇ ; ਅਤੇ

(ਚ) ਅਧਿਚਸੂਨਾ ਵਿੱਚ ਦਰਜ ਕੋਈ ਸ਼ਰਤਾਂ ਦੇ ਤਾਬੇ, ਕੋਈ ਹੋਰ ਅਜਿਹਾ ਉਦੇਸ਼ ਜੋ ਮੁਨਾਸਬ ਸਰਕਾਰ ਦੁਆਰਾ ਸਰਕਾਰੀ ਗਜ਼ਟ ਵਿੱਚ ਅਧਿਸੂਚਤ ਕੀਤਾ ਗਿਆ ਹੋਵੇ ।

ਰਾਜਨੀਤਕ ਪ੍ਰਯੋਜਨਾਂ ਲਈ ਵਖਰੇ ਫ਼ੰਡਾਂ ਦਾ ਗਠਨ ।

16. (1) ਰਜਿਸਟਰਸ਼ੁਦਾ ਟਰੇਡ ਯੂਨੀਅਨ ਇੱਕ ਵੱਖਰੇ ਫ਼ੰਡ ਦਾ ਗਠਨ ਅਜਿਹੇ ਅੰਸ਼ਦਾਨਾਂ ਨਾਲ ਕਰ ਸਕੇਗੀ, ਜੋ ਉਸ ਫ਼ੰਡ ਲਈ ਵੱਖਰੇ ਤੌਰ ਤੇ ਉਗਰਾਹੇ ਗਏ ਹੋਣ ਜਾਂ ਦਿੱਤੇ ਗਏ ਹੋਣ, ਜਿਸ ਵਿਚੋਂ ਉਪ-ਧਾਰਾ (2) ਵਿੱਚ ਉਲਿਖਤ ਉਦੇਸ਼ਾਂ ਵਿੱਚੋਂ ਕਿਸੇ ਨੂੰ ਅੱਗੇ ਵਧਾਉਣ ਵਿੱਚ, ਉਸ ਦੇ ਮੈਂਬਰਾਂ ਦੇ ਨਾਗਰਿਕ ਅਤੇ ਰਾਜਨੀਤਕ ਹਿੱਤਾਂ ਦੀ ਤਰੱਕੀ ਲਈ ਅਦਾਇਗੀਆਂ ਕੀਤੀਆਂ ਜਾ ਸਕਣਗੀਆਂ ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਉਦੇਸ਼ ਹੇਠ-ਲਿਖੇ ਹਨ :—

(ੳ) ਸੰਵਿਧਾਨ ਅਧੀਨ ਗਠਿਤ ਕਿਸੇ ਵਿਧਾਨਕ ਬੌਡੀ ਦੇ ਜਾਂ ਕਿਸੇ ਸਥਾਨਕ ਅਥਾਰਿਟੀ ਦੇ ਮੈਂਬਰ ਵਜੋਂ ਚੁਣੇ ਜਾਣ ਲਈ ਆਪਣੀ ਉਮੈਦਵਾਰੀ ਜਾਂ ਚੌਣ ਦੇ ਤੱਲਕ ਵਿੱਚ, ਚੌਣ ਤੋਂ ਪਹਿਲਾਂ, ਦੌਰਾਨ ਜਾਂ ਪਿਛੋਂ, ਕਿਸੇ ਉਮੈਦਵਾਰ ਜਾਂ ਭਾਵੀ ਉਮੈਦਵਾਰ ਦੁਆਰਾ ਸਿੱਧੇ ਜਾਂ ਅਸਿੱਧੇ ਤੌਰ ਤੇ ਉਠਾਏ ਗਏ ਖ਼ਰਚਾਂ ਦੀ ਅਦਾਇਗੀ; ਜਾਂ

(ਅ) ਅਜਿਹੇ ਕਿਸੇ ਉਮੈਦਵਾਰ ਜਾਂ ਭਾਵੀ ਉਮੈਦਵਾਰ ਦੇ ਸਮੱਰਥਨ ਵਿੱਚ ਕੋਈ ਇੱਤਰਤਰਤਾ ਕਰਨਾ, ਜਾਂ ਕੋਈ ਸਾਹਿਤ ਜਾਂ ਦਸਤਾਵੇਜ਼ਾਂ ਵੰਡਣਾ; ਜਾਂ

(ੲ) ਕਿਸੇ ਅਜਿਹੇ ਵਿਅਕਤੀ ਦਾ ਭਰਣ-ਪੋਖਣ ਜੋ ਸੰਵਿਧਾਨ ਅਧੀਨ ਗਠਿਤ ਕਿਸੇ ਵਿਧਾਨਿਕ ਬੌਡੀ ਦਾ ਜਾਂ ਕਿਸੇ ਸਥਾਨਕ ਅਥਾਰਿਟੀ ਦਾ ਮੈਂਬਰ ਹੈ; ਜਾਂ

(ਸ) ਸੰਵਿਧਾਨ ਅਧੀਨ ਗਠਿਤ ਕਿਸੇ ਵਿਧਾਨਿਕ ਬੌਡੀ ਲਈ ਜਾਂ ਕਿਸੇ ਸਥਾਨਕ ਅਥਾਰਿਟੀ ਲਈ, ਚੌਣਕਾਰਾਂ ਦਾ ਰਜਿਸਟਰੀਕਰਣ ਜਾਂ ਉਮੈਦਵਾਰ ਸਿਲੈਕਟ ਕਰਨਾ; ਜਾਂ

(ਹ) ਕਿਸੇ ਪ੍ਰਕਾਰ ਦੀਆਂ ਰਾਜਨੀਤਕ ਇਕੱਤਰਤਾਵਾਂ ਕਰਨਾ ਜਾਂ ਕਿਸੇ ਪ੍ਰਕਾਰ ਦੀ ਰਾਜਨੀਤਕ ਸਾਹਿਤ ਜਾਂ ਰਾਜਨੀਤਕ ਦਸਤਾਵੇਜ਼ਾਂ ਵੰਡਣਾ ।

(3) ਕਿਸੇ ਮੈਂਬਰ ਨੂੰ ਉਪ-ਧਾਰਾ (1) ਅਧੀਨ ਗਠਿਤ ਫ਼ੰਡ ਵਿਚ ਅੰਸ਼ਦਾਨ ਦੇਣ ਲਈ ਮਜਬੂਰ ਨਹੀਂ ਕੀਤਾ ਜਾਵੇਗਾ; ਅਤੇ ਕਿਸੇ ਮੈਂਬਰ ਨੂੰ, ਜੋ ਉਕਤ ਫ਼ੰਡ ਵਿਚ ਅੰਸ਼ਦਾਨ ਨਹੀਂ ਦਿੰਦਾ ਹੈ, ਟਰੇਡ ਯੂਨੀਅਨ ਦੀਆਂ ਸਹੂਲਤਾਂ ਤੋਂ ਅਪਵਰਜਿਤ ਨਹੀਂ ਕੀਤਾ ਜਾਵੇਗਾ, ਨ ਉਕਤ ਫ਼ੰਡ ਵਿੱਚ ਉਸ ਦੁਆਰਾ ਅੰਸ਼ਦਾਨ ਨ ਦੇਣ ਕਾਰਨ ਉਸ ਨੂੰ (ਉਕਤ ਫ਼ੰਡ ਦੇ ਕੰਟਰੋਲ ਜਾਂ ਪ੍ਰਬੰਧ ਦੇ ਸੰਬੰਧ ਵਿਚ ਦੇ ਸਿਵਾਏ) ਟਰੇਡ ਯੂਨੀਅਨ ਦੇ ਹੋਰ ਮੈਂਬਰਾਂ ਦੇ ਮੁਕਾਬਲੇ ਵਿੱਚ, ਸਿੱਧੇ ਜਾਂ ਅਸਿੱਧੇ ਤੌਰ ਤੇ, ਕਿਸੇ ਪਹਿਲੂ ਤੋਂ ਕਿਸੇ

ਨਿਰਯੋਗਤਾ ਜਾਂ ਕਿਸੇ ਅਲਾਭ ਅਧੀਨ ਰੱਖਿਆ ਜਾਵੇਗਾ; ਅਤੇ ਉਕਤ ਫੰਡ ਵਿੱਚ ਅੰਸ਼ਦਾਨ ਦੇਣਾ ਟਰੇਡ ਯੂਨੀਅਨ ਵਿੱਚ ਦਾਖਲੇ ਲਈ ਸ਼ਰਤ ਨਹੀਂ ਹੋਵੇਗੀ ।

ਟਰੇਡ ਝਗੜਿਆਂ ਵਿੱਚ ਅਪਰਾਧਕ ਸਾਜ਼ਸ਼ ।

17. ਰਜਿਸਟਰਸ਼ੁਦਾ ਟਰੇਡ ਯੂਨੀਅਨ ਦਾ ਕੋਈ ਅਹੁਦੇਦਾਰ ਜਾਂ ਮੈਂਬਰ ਟਰੇਡ ਯੂਨੀਅਨ ਦੇ ਕਿਸੇ ਅਜਿਹੇ ਉਦੇਸ਼ ਨੂੰ, ਜੋ ਧਾਰਾ 15 ਵਿੱਚ ਉਲਿਖਤ ਹੈ, ਅੱਗੇ ਵਧਾਉਣ ਦੇ ਪ੍ਰਯੋਜਨ ਲਈ ਮੈਂਬਰਾਂ ਵਿਚਕਾਰ ਹੋਏ ਕਿਸੇ ਕਰਾਰ ਬਾਰੇ, ਜੇਕਰ ਉਹ ਕਰਾਰ ਕੋਈ ਅਪਰਾਧ ਕਰਨ ਦਾ ਕਰਾਰ ਨ ਹੋਵੇ, ਭਾਰਤੀ ਦੰਡ ਸੰਘਤਾ ਦੀ ਧਾਰਾ 120 ਅ ਦੀ ਉਪ–ਧਾਰਾ (2) ਅਧੀਨ ਸਜ਼ਾ ਦਾ ਭਾਗੀ ਨਹੀਂ ਹੋਵੇਗਾ । 1860 ਦਾ 45

ਕੁਝ ਕੁ ਸੂਰਤਾਂ ਵਿੱਚ ਦੀਵਾਨੀ ਦਾਵੇ ਤੋਂ ਉਨਮੁਕਤੀ ।

18. (1) ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ ਕਿਸੇ ਅਜਿਹੇ ਕਾਰਜ ਬਾਰੇ, ਜੋ ਅਜਿਹੇ ਟਰੇਡ ਝਗੜੇ ਨੂੰ, ਜਿਸ ਦਾ ਟਰੇਡ ਯੂਨੀਅਨ ਦਾ ਕੋਈ ਮੈਂਬਰ ਇਕ ਧਿਰ ਹੈ, ਚਿਤਵਕੇ ਜਾਂ ਉਸ ਨੂੰ ਅੱਗੇ ਵਧਾਉਣ ਵਿੱਚ ਕੀਤਾ ਗਿਆ ਹੈ, ਉਸ ਰਜਿਸਟਰ–ਸ਼ੁਦਾ ਟਰੇਡ ਯੂਨੀਅਨ ਜਾਂ ਉਸ ਦੇ ਕਿਸੇ ਅਹੁਦੇਦਾਰ ਜਾਂ ਮੈਂਬਰ ਵਿਰੁੱਧ ਕਿਸੇ ਦੀਵਾਨੀ ਅਦਾਲਤ ਵਿਚ ਕੇਵਲ ਇਸ ਆਧਾਰ ਤੇ ਨਹੀਂ ਕੀਤਾ ਜਾ ਸਕੇਗਾ, ਕਿ ਅਜਿਹਾ ਕਾਰਜ ਨਿਯੋਜਨ ਦਾ ਮੁਆਇਦਾ ਭੰਗ ਕਰਨ ਲਈ ਕਿਸੇ ਹੋਰ ਵਿਅਕਤੀ ਨੂੰ ਪ੍ਰੇਰਦਾ ਹੈ, ਜਾਂ ਉਹ ਕਿਸੇ ਹੋਰ ਵਿਅਕਤੀ ਦੇ ਟਰੇਡ, ਕਾਰੋਬਾਰ ਜਾਂ ਨਿਯੋਜਨ ਵਿਚ ਜਾਂ ਕਿਸੇ ਹੋਰ ਵਿਅਕਤੀ ਦੇ ਆਪਣੀ ਪੂੰਜੀ ਜਾਂ ਆਪਣੀ ਮਜ਼ਦੂਰੀ ਨੂੰ ਆਪਣੀ ਮਰਜ਼ੀ ਅਨੁਸਾਰ ਨਿਬੇੜਨ ਦੇ ਅਧਿਕਾਰ ਵਿੱਚ ਦਖ਼ਲ–ਅੰਦਾਜ਼ੀ ਕਰਦਾ ਹੈ ।

(2) ਰਜਿਸਟਰਸ਼ੁਦਾ ਟਰੇਡ ਯੂਨੀਅਨ, ਕਿਸੇ ਟਰੇਡ ਝਗੜੇ ਨੂੰ ਚਿਤਵਕੇ ਜਾਂ ਉਸ ਨੂੰ ਅੱਗੇ ਵਧਾਉਣ ਲਈ ਉਸ ਟਰੇਡ ਯੂਨੀਅਨ ਦੇ ਕਿਸੇ ਏਜੰਟ ਦੁਆਰਾ ਕੀਤੇ ਕਿਸੇ ਅਪਕਰਮ ਬਾਰੇ ਕਿਸੇ ਦੀਵਾਨੀ ਅਦਾਲਤ ਵਿੱਚ ਕਿਸੇ ਦਾਵੇ ਜਾਂ ਹੋਰ ਕਾਨੂੰਨੀ ਕਾਰਵਾਈ ਵਿੱਚ ਉਤਰਦਾਈ ਨਹੀਂ ਹੋਵੇਗੀ, ਜੇ ਇਹ ਸਾਬਤ ਹੋ ਜਾਂਦਾ ਹੈ ਕਿ ਉਸ ਵਿਅਕਤੀ ਨੇ ਟਰੇਡ ਯੂਨੀਅਨ ਦੀ ਕਾਰਜਪਾਲਕਾ ਦੇ ਗਿਆਨ ਤੋਂ ਬਿਨਾਂ, ਜਾਂ ਉਸ ਕਾਰਜਪਾਲਕਾ ਦੁਆਰਾ ਦਿੱਤੀਆਂ ਸਪਸ਼ਟ ਹਦਾਇਤਾਂ ਤੋਂ ਉਲਟ ਕਾਰਜ ਕੀਤਾ ਸੀ ।

ਕਰਾਰਾਂ ਦਾ ਨਾਫਜ਼ ਕੀਤੇ ਜਾਣ ਯੋਗ ਹੋਣਾ।

19. ਤੱਤਸਮੇਂ ਨਾਫਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਜਿਸਟਰ–ਸ਼ੁਦਾ ਟਰੇਡ ਯੂਨੀਅਨ ਦੇ ਮੈਂਬਰਾਂ ਵਿਚਕਾਰ ਹੋਇਆ ਕਰਾਰ, ਕੇਵਲ ਇਸੇ ਤੱਥ ਕਾਰਨ ਸੰਨ ਜਾਂ ਸੰਨਕਰਣਯੋਗ ਨਹੀਂ ਹੋਵੇਗਾ ਕਿ ਉਸ ਕਰਾਰ ਦੇ ਉਦੇਸ਼ਾਂ ਵਿਚੋਂ ਕੋਈ ਉਦੇਸ਼ ਟਰੇਡ ਤੇ ਰੋਕ ਲਾਉਣ ਵਾਲਾ ਹੈ :

ਪਰੰਤੂ ਇਸ ਧਾਰਾ ਦੀ ਕੋਈ ਗੱਲ ਉਨ੍ਹਾਂ ਸ਼ਰਤਾਂ ਨਾਲ ਸੰਬੰਧਤ ਕਿਸੇ ਕਰਾਰ ਦੇ ਭੰਗ ਲਈ, ਜਿਨ੍ਹਾਂ ਤੇ ਟਰੇਡ ਯੂਨੀਅਨ ਦੇ ਕੋਈ ਮੈਂਬਰ ਆਪਣਾ ਮਾਲ ਵੇਚਣਗੇ ਜਾਂ ਨਹੀਂ ਵੇਚਣਗੇ, ਕਾਰੋਬਾਰ ਕਰਨਗੇ ਜਾਂ ਨਹੀਂ ਕਰਨਗੇ, ਕੰਮ ਕਰਨਗੇ ਜਾਂ ਨਹੀਂ ਕਰਨਗੇ, ਨਿਯੋਜਨ ਕਰਨਗੇ ਜਾਂ ਨਹੀਂ ਕਰਨਗੇ ਜਾਂ ਨਿਯੋਜਤ ਕੀਤੇ ਜਾਣਗੇ ਜਾਂ ਨਹੀਂ ਕੀਤੇ ਜਾਣਗੇ, ਹਰਜਾਨਾ ਦਿਵਾਉਣ ਜਾਂ ਵਸੂਲ ਕਰਨ ਦੇ ਸਪੱਸ਼ਟ ਪ੍ਰਯੋਜਨ ਲਈ ਦਾਇਰ ਕੀਤੀ ਕੋਈ ਕਾਨੂੰਨੀ ਕਾਰਵਾਈ ਲੈਣ ਲਈ ਕਿਸੇ ਦੀਵਾਨੀ ਅਦਾਲਤ ਨੂੰ ਸਮਰੱਥ ਨਹੀਂ ਬਣਾਵੇਗੀ ।

ਟਰੇਡ ਯੂਨੀਅਨ ਦੀਆਂ ਲੇਖਾ–ਵਹੀਆਂ ਦੇ ਨਿਰੀਖਣ ਦਾ ਅਧਿਕਾਰ ।

20. ਰਜਿਸਟਰਸ਼ੁਦਾ ਟਰੇਡ ਯੂਨੀਅਨ ਦੀਆਂ ਲੇਖਾ–ਵਹੀਆਂ ਅਤੇ ਉਸਦੇ ਮੈਂਬਰਾਂ ਦੀ ਸੂਚੀ ਟਰੇਡ ਯੂਨੀਅਨ ਦੇ ਅਹੁਦੇਦਾਰ ਜਾਂ ਮੈਂਬਰ ਦੁਆਰਾ ਨਿਰੀਖਣ ਲਈ ਅਜਿਹੇ ਸਮਿਆਂ ਤੇ ਉਪਲਬਧ ਹੋਣਗੀਆਂ, ਜੋ ਟਰੇਡ ਯੂਨੀਅਨ ਦੇ ਨਿਯਮਾਂ ਵਿੱਚ ਉਪਬੰਧਤ ਕੀਤੇ ਜਾਣ ।

ਟਰੇਡ ਯੂਨੀਅਨਾਂ ਦੀ ਮੈਂਬਰੀ ਲਈ ਨਾਬਾਲਗਾਂ ਦੇ ਅਧਿਕਾਰ ।

21. ਕੋਈ ਵਿਅਕਤੀ ਜੋ ਪੰਦਰਾਂ ਸਾਲ ਦੀ ਉਮਰ ਦਾ ਹੋ ਗਿਆ ਹੋਵੇ, ਟਰੇਡ ਯੂਨੀਅਨ ਦੇ ਇਸ ਦੇ ਉਲਟ ਨਿਯਮਾਂ ਦੇ ਤਾਬੇ ਕਿਸੇ ਰਜਿਸਟਰਸ਼ੁਦਾ ਟਰੇਡ ਯੂਨੀਅਨ ਦਾ ਮੈਂਬਰ ਹੋ ਸਕੇਗਾ, ਅਤੇ ਯਥਾ ਉਪਰੋਕਤ ਦੇ ਤਾਬੇ, ਮੈਂਬਰ ਦੇ ਸਭ ਅਧਿਕਾਰਾਂ ਦਾ ਉਪਭੋਗ ਕਰ ਸਕੇਗਾ ਅਤੇ ਸਭ ਅਜਿਹੀਆਂ ਲਿਖਤਾਂ ਦੀ ਤਕਮੀਲ ਕਰ ਸਕੇਗਾ ਅਤੇ ਸਭ ਅਜਿਹੇ ਨਿਸ਼ਤਾਰਣ ਪੱਤਰ ਦੇ ਸਕੇਗਾ ਜਿਨ੍ਹਾਂ ਦੀ ਤਕਮੀਲ ਕੀਤੀ ਜਾਣੀ ਜਾਂ ਜਿਨ੍ਹਾਂ ਦਾ ਦਿੱਤਾ ਜਾਣਾ ਨਿਯਮਾਂ ਅਧੀਨ ਜ਼ਰੂਰੀ ਹੈ ।

ਟਰੇਡ ਯੂਨੀਅਨ ਦੇ ਅਹੁਦੇਦਾਰਾਂ ਦੀਆਂ ਅਯੋਗਤਾਵਾਂ ।

21ੳ. (1) ਕੋਈ ਵਿਅਕਤੀ ਕਿਸੇ ਰਜਿਸਟਰਸ਼ੁਦਾ ਟਰੇਡ ਯੂਨੀਅਨ ਦੀ ਕਾਰਜ਼ਪਾਲਕਾ ਦਾ ਮੈਂਬਰ ਜਾਂ ਉਸ ਦਾ ਕੋਈ ਹੋਰ ਅਹੁਦੇਦਾਰ ਚੁਣੇ ਜਾਣ ਜਾਂ ਬਣੇ ਰਹਿਣ ਲਈ ਅਯੋਗ ਹੋਵੇਗਾ ਜੇ—

(i) ਉਹ ਅਠਾਰਾਂ ਸਾਲ ਦੀ ਉਮਰ ਦਾ ਨ ਹੋ ਗਿਆ ਹੋਵੇ ;

(ii) ਉਹ ਕਿਸੇ ਅਜਿਹੇ ਅਪਰਾਧ ਲਈ, ਜਿਸ ਵਿੱਚ ਸਦਾਚਾਰਕ ਗਿਰਾਵਟ ਪਲਿਚੀ ਹੋਵੇ, ਭਾਰਤ ਦੀ ਕਿਸੇ ਅਦਾਲਤ ਦੁਆਰਾ ਸਿੱਧ-ਦੋਸ਼ੀ ਠਹਿਰਾਇਆ ਗਿਆ ਹੈ ਅਤੇ ਉਸ ਨੂੰ ਕੈਦ ਦਾ ਦੰਡ ਦਿੱਤਾ ਗਿਆ ਹੈ, ਜੇਕਰ ਉਸ ਦੀ ਰਿਹਾਈ ਤੋਂ ਪਿੱਛੋਂ ਪੰਜ ਸਾਲ ਦੀ ਮੁੱਦਤ ਬੀਤ ਨ ਗਈ ਹੋਵੇ ।

(2) ਕਿਸੇ ਰਜਿਸਟਰਸ਼ੁਦਾ ਟਰੇਡ ਯੂਨੀਅਨ ਦੀ ਕਾਰਜਪਾਲਕਾ ਦਾ ਕੋਈ ਅਜਿਹਾ ਮੈਂਬਰ ਜਾਂ ਉਸ ਦਾ ਕੋਈ ਹੋਰ ਅਜਿਹਾ ਅਹੁਦੇਦਾਰ ਜੋ, ਭਾਰਤੀ ਟਰੇਡ ਯੂਨੀਅਨ (ਸੋਧ) ਐਕਟ, 1964 ਦੇ ਅਰੰਭ ਤੋਂ ਪਹਿਲਾਂ, ਅਜਿਹੇ ਅਪਰਾਧ ਲਈ ਜਿਸ ਵਿੱਚ ਸਦਾਚਾਰਕ ਗਿਰਾਵਟ ਪਲਿਚੀ ਹੋਵੇ, ਸਿਧ-ਦੋਸ਼ੀ ਠਹਿਰਾਇਆ ਗਿਆ ਹੋਵੇ ਅਤੇ ਉਸ ਨੂੰ ਕੈਦ ਦਾ ਦੰਡ ਦਿੱਤਾ ਗਿਆ ਹੋਵੇ, ਅਜਿਹੇ ਅਰੰਭ ਦੀ ਤਰੀਕ ਨੂੰ ਅਜਿਹਾ ਮੈਂਬਰ ਜਾਂ ਅਹੁਦੇਦਾਰ ਨਹੀਂ ਰਹੇਗਾ, ਜੇਕਰ ਉਸ ਤਰੀਕ ਤੋਂ ਪਹਿਲਾਂ ਉਸ ਦੀ ਰਿਹਾਈ ਤੋਂ ਪਿੱਛੋਂ ਪੰਜ ਸਾਲ ਦੀ ਮੁੱਦਤ ਬੀਤ ਨ ਗਈ ਹੋਵੇ ।

ਉਦਯੋਗ ਨਾਲ ਤੱਲਕ ਰੱਖਣ ਵਾਲੇ ਅਹੁਦੇਦਾਰਾਂ ਦਾ ਅਨੁਪਾਤ ।

22. ਹਰਿਕ ਰਜਿਸਟਰਸ਼ੁਦਾ ਟਰੇਡ ਯੂਨੀਅਨ ਦੇ ਅਹੁਦੇਦਾਰਾਂ ਦੀ ਕੁੱਲ ਗਿਣਤੀ ਦੀ ਘੱਟ ਤੋਂ ਘੱਟ ਅੱਧੀ ਗਿਣਤੀ ਅਜਿਹੇ ਵਿਅਕਤੀਆਂ ਦੀ ਹੋਵੇਗੀ, ਜੋ ਕਿਸੇ ਅਜਿਹੇ ਉਦਯੋਗ ਵਿੱਚ ਵਾਸਤਵ ਵਿੱਚ ਲੱਗੇ ਜਾਂ ਨਿਯੋਜਤ ਹਨ ਜਿਸ ਨਾਲ ਟਰੇਡ ਯੂਨੀਅਨ ਦਾ ਤੱਲਕ ਹੈ :

ਪਰੰਤੂ ਮੁਨਾਸਬ ਸਰਕਾਰ, ਵਿਸ਼ੇਸ਼ ਜਾਂ ਆਮ ਹੁਕਮ ਦੁਆਰਾ, ਇਹ ਐਲਾਨ ਕਰ ਸਕੇਗੀ ਕਿ ਇਸ ਧਾਰਾ ਦੇ ਉਪਬੰਧ ਉਸ ਹੁਕਮ ਵਿਚ ਉਲਿਖਤ ਕਿਸੇ ਟਰੇਡ ਯੂਨੀਅਨ ਨੂੰ ਜਾਂ ਟਰੇਡ ਯੂਨੀਅਨਾਂ ਦੇ ਵਰਗ ਨੂੰ ਲਾਗੂ ਨਹੀਂ ਹੋਣਗੇ ।

ਨਾਂ ਦੀ ਤਬਦੀਲੀ ।

23. ਰਜਿਸਟਰਸ਼ੁਦਾ ਟਰੇਡ ਯੂਨੀਅਨ ਆਪਣੇ ਮੈਂਬਰਾਂ ਦੀ ਕੁੱਲ ਗਿਣਤੀ ਦੇ ਘੱਟ ਤੋਂ ਘੱਟ ਦੋ-ਤਿਹਾਈ ਸੰਮਤੀ ਨਾਲ ਅਤੇ ਧਾਰਾ, 25 ਦੇ ਉਪਬੰਧਾਂ ਦੇ ਤਾਬੇ, ਆਪਣਾ ਨਾਂ ਤਬਦੀਲ ਕਰ ਸਕੇਗੀ ।

ਟਰੇਡ ਯੂਨੀਅਨ ਦਾ ਸੰਮਿਲਣ ।

24. ਕੋਈ ਦੋ ਜਾਂ ਵੱਧ ਰਜਿਸਟਰਸ਼ੁਦਾ ਟਰੇਡ ਯੂਨੀਅਨਾਂ, ਅਜਿਹੀਆਂ ਟਰੇਡ ਯੂਨੀਅਨਾਂ ਦਾ ਜਾਂ ਉਨ੍ਹਾਂ ਵਿੱਚੋਂ ਕਿਸੇ ਦਾ ਤੁੜਾਉ ਕਰਕੇ, ਜਾਂ ਤੁੜਾਉ ਤੋਂ ਬਿਨਾਂ, ਜਾਂ ਉਨ੍ਹਾਂ ਦੇ ਜਾਂ ਉਨ੍ਹਾਂ ਵਿੱਚੋਂ ਕਿਸੇ ਦੇ ਫ਼ੰਡਾਂ ਦੀ ਵੰਡ ਕਰਕੇ ਜਾਂ ਵੰਡ ਕੀਤੇ ਬਿਨਾਂ, ਮਿਲਕੇ ਇਕ ਟਰੇਡ ਯੂਨੀਅਨ ਵਜੋਂ ਸੰਮਿਲਤ ਹੋ ਸਕਣਗੀਆਂ, ਪਰੰਤੂ ਇਹ ਤਦ ਜਦ ਅਜਿਹੀ ਹਰੇਕ ਟਰੇਡ ਯੂਨੀਅਨ ਦੇ ਅਜਿਹੇ ਮੈਂਬਰਾਂ ਦੇ, ਜੋ ਵੋਟ ਪਾਉਣ ਦੇ ਹੱਕਦਾਰ ਹੋਣ, ਘੱਟ ਤੋਂ ਘੱਟ ਅੱਧੇ ਮੈਂਬਰਾਂ ਦੀਆਂ ਵੋਟਾਂ ਰਿਕਾਰਡ ਕੀਤੀਆਂ ਗਈਆ ਹੋਣ. ਅਤੇ ਰਿਕਾਰਡ ਕੀਤੀਆਂ ਵੋਟਾਂ ਦਾ ਘੱਟ ਤੋਂ ਘੱਟ ਸੱਠ ਪ੍ਰਤੀ ਸੈਂਕੜਾ ਉਸ ਤਜਵੀਜ ਦੇ ਪੱਖ ਵਿਚ ਹੋਵੇ ।

ਨਾਂ ਦੀ ਤਬਦੀਲੀ ਜਾਂ ਸੰਮਿਲਣ ਦੀ ਸੂਚਨਾ ।

25. (1) ਨਾਂ ਦੀ ਹਰਿਕ ਤਬਦੀਲੀ ਦੀ ਅਤੇ ਹਰਿਕ ਸੰਮਿਲਣ ਦੀ ਲਿਖਤੀ ਸੂਚਨਾ, ਜਿਸ ਤੇ, ਨਾਂ ਤਬਦੀਲ ਕੀਤੇ ਜਾਣ ਦੀ ਸੂਰਤ ਵਿੱਚ, ਆਪਣਾ ਨਾਂ ਤਬਦੀਲ ਕਰਨ ਵਾਲੀ ਟਰੇਡ ਯੂਨੀਅਨ ਦੇ ਸਕੱਤਰ ਅਤੇ ਸੱਤ ਮੈਂਬਰਾਂ ਦੇ, ਅਤੇ ਸੰਮਿਲਣ ਦੀ ਸੂਰਤ ਵਿੱਚ, ਅਜਿਹੀ ਹਰੇਕ ਟਰੇਡ ਯੂਨੀਅਨ ਦੇ, ਜੋ ਉਸ ਵਿੱਚ ਧਿਰ ਹੋਵੇ, ਸਕੱਤਰ ਅਤੇ ਸੱਤ ਮੈਂਬਰਾਂ ਦੇ ਦਸਖਤ ਹੋਣਗੇ, ਰਜਿਸਟਰਾਰ ਨੂੰ ਭੇਜੀ ਜਾਵੇਗੀ ਅਤੇ ਜਿੱਥੇ ਸੰਮਿਲਤ ਟਰੇਡ ਯੂਨੀਅਨ ਦਾ ਮੁੱਖ ਦਫਤਰ ਕਿਸੇ ਵੱਖਰੇ ਰਾਜ ਵਿੱਚ ਸਥਿਤ ਹੋਵੇ, ਉਥੇ ਉਸ ਰਾਜ ਦੇ ਰਜਿਸਟਰਾਰ ਨੂੰ ਭੇਜੀ ਜਾਵੇਗੀ ।

(2) ਜੇ ਤਜਵੀਜ਼ ਕੀਤਾ ਨਾਂ ਉਸ ਨਾਂ ਦੇ ਸਮਰੂਪ ਹੈ ਜਿਸ ਨਾਂ ਨਾਲ ਕੋਈ ਹੋਰ ਮੌਜੂਦਾ ਟਰੇਡ ਯੂਨੀਅਨ ਰਜਿਸਟਰ ਹੋਈ ਹੈ, ਜਾਂ, ਰਜਿਸਟਰਾਰ ਦੀ ਰਾਏ ਵਿੱਚ, ਨਾਂ ਅਜਿਹੇ ਨਾਂ ਨਾਲ ਇੰਨਾ ਮਿਲਦਾ ਜੁਲਦਾ ਹੈ ਕਿ ਉਸ ਨਾਲ ਲੋਕਾਂ ਦਾ ਜਾਂ, ਉਨ੍ਹਾਂ ਟਰੇਡ ਯੂਨੀਅਨਾਂ ਵਿੱਚੋਂ ਕਿਸੇ ਦੇ ਮੈਬਰਾਂ ਦਾ, ਧੱਖੇ ਵਿੱਚ ਪੈ ਜਾਣਾ ਸੰਭਾਵੀ ਹੈ. ਤਾਂ ਰਜਿਸਟਰਾਰ ਉਸ ਨਾਂ ਦੀ ਤਬਦੀਲੀ ਨੂੰ ਰਜਿਸਟਰ ਵਿੱਚ ਦਰਜ ਕਰਨ ਤੋਂ ਇਨਕਾਰ ਕਰ ਦੇਵੇਗਾ ।

(3) ਜਿਵੇਂ ਉਪ-ਧਾਰਾ (2) ਵਿੱਚ ਉਪਬੰਧਤ ਹੈ ਉਸ ਨੂੰ ਛੱਡ ਕੇ, ਜੇ ਰਜਿਸਟਰਾਰ ਦੀ ਤਸੱਲੀ ਹੋ ਜਾਂਦੀ ਹੈ ਕਿ ਨਾਂ ਦੀ ਤਬਦੀਲੀ ਬਾਰੇ ਇਸ ਐਕਟ ਦੇ ਉਪਬੰਧਾਂ ਦਾ ਪਾਲਣ ਹੋ ਗਿਆ ਹੈ ਤਾਂ ਉਹ ਨਾਂ ਦੀ ਤਬਦੀਲੀ ਧਾਰਾ 8 ਵਿੱਚ ਹਵਾਲਾ ਦਿੱਤੇ ਰਜਿਸਟਰ ਵਿਚ ਦਰਜ ਕਰੇਗਾ ਅਤੇ ਨਾਂ ਦੀ ਤਬਦੀਲੀ ਅਜਿਹੇ ਰਜਿਸਟਰੀਕਰਣ ਦੀ ਤਰੀਕ ਤੋਂ ਪ੍ਰਭਾਵੀ ਹੋਵੇਗੀ।

(4) ਜੇ ਉਸ ਰਾਜ ਦੇ ਰਜਿਸਟਰਾਰ ਦੀ, ਜਿਸ ਵਿੱਚ ਸੰਮਿਲਤ ਟਰੇਡ ਯੂਨੀਅਨ ਦਾ ਮੁੱਖ ਦਫ਼ਤਰ ਸਥਿਤ ਹੈ, ਤਸੱਲੀ ਹੋ ਜਾਂਦੀ ਹੈ ਕਿ ਸੰਮਿਲਣ ਬਾਰੇ ਇਸ ਐਕਟ ਦੇ ਉਪਬੰਧਾਂ ਦਾ ਪਾਲਣ ਹੋ ਗਿਆ ਹੈ ਅਤੇ ਜੋ ਟਰੇਡ ਯੂਨੀਅਨ ਉਸ ਸੰਮਿਲਣ ਦੁਆਰਾ ਬਣੀ ਹੈ, ਉਹ ਧਾਰਾ 6 ਅਧੀਨ ਰਜਿਸਟਰ ਕੀਤੇ ਜਾਣ ਦੀ ਹੱਕਦਾਰ ਹੈ, ਤਾਂ ਉਹ ਧਾਰਾ 8 ਵਿੱਚ ਉਪਬੰਧਤ ਤਰੀਕੇ ਨਾਲ ਉਸ ਟਰੇਡ ਯੂਨੀਅਨ ਨੂੰ ਰਜਿਸਟਰ ਕਰੇਗਾ ਅਤੇ ਅਜਿਹਾ ਸੰਮਿਲਣ ਇਸ ਤਰ੍ਹਾਂ ਰਜਿਸਟਰ ਕੀਤੇ ਜਾਣ ਦੀ ਤਰੀਕ ਤੋਂ ਪ੍ਰਭਾਵੀ ਹੋਵੇਗਾ।

ਨਾਂ ਦੀ ਤਬਦੀਲੀ ਅਤੇ ਸੰਮਿਲਣ ਦੇ ਪ੍ਰਭਾਵ।

26. (1) ਰਜਿਸਟਰਸ਼ੁਦਾ ਟਰੇਡ ਯੂਨੀਅਨ ਦੇ ਨਾਂ ਦੀ ਤਬਦੀਲੀ ਉਸ ਟਰੇਡ ਯੂਨੀਅਨ ਦੇ ਅਧਿਕਾਰਾਂ ਜਾਂ ਦੇਣਦਾਰੀਆਂ ਤੇ ਪ੍ਰਭਾਵ ਨਹੀਂ ਪਾਵੇਗੀ ਅਤੇ ਨ ਉਸ ਟਰੇਡ ਯੂਨੀਅਨ ਦੁਆਰਾ ਉਸ ਵਿਰੁੱਧ ਕੀਤੀ ਕਿਸੇ ਕਾਨੂੰਨੀ ਕਾਰਵਾਈ ਨੂੰ ਨਾਕਸ ਬਣਾਵੇਗੀ, ਅਤੇ ਕੋਈ ਅਜਿਹੀ ਕਾਨੂੰਨੀ ਕਾਰਵਾਈ ਜੋ ਉਸ ਦੇ ਪਹਿਲੇ ਨਾਂ ਤੇ ਉਸ ਦੁਆਰਾ ਜਾਂ ਉਸ ਵਿਰੁੱਧ ਚਾਲੂ ਰੱਖੀ ਜਾ ਸਕਦੀ ਸੀ ਜਾਂ ਅਰੰਭ ਕੀਤੀ ਜਾ ਸਕਦੀ ਸੀ, ਉਸ ਦੇ ਨਵੇਂ ਨਾਂ ਤੇ ਉਸ ਦੁਆਰਾ ਜਾਂ ਉਸ ਵਿਰੁੱਧ ਚਾਲੂ ਰੱਖੀ ਜਾ ਸਕੇਗੀ ਜਾਂ ਅਰੰਭ ਕੀਤੀ ਜਾ ਸਕੇਗੀ।

(2) ਦੋ ਜਾਂ ਵੱਧ ਰਜਿਸਟਰਸ਼ੁਦਾ ਟਰੇਡ ਯੂਨੀਅਨਾਂ ਦਾ ਸੰਮਿਲਣ ਅਜਿਹੀਆਂ ਟਰੇਡ ਯੂਨੀਅਨਾਂ ਵਿੱਚੋਂ ਕਿਸੇ ਦੇ ਕਿਸੇ ਅਧਿਕਾਰ ਤੇ ਜਾਂ ਉਨ੍ਹਾਂ ਵਿੱਚੋਂ ਕਿਸੇ ਦੇ ਲੈਣਦਾਰ ਦੇ ਕਿਸੇ ਅਧਿਕਾਰ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਾਵੇਗਾ।

ਤੁੜਾਉ।

27. (1) ਜਦ ਕਿਸੇ ਰਜਿਸਟਰ-ਸ਼ੁਦਾ ਟਰੇਡ ਯੂਨੀਅਨ ਦਾ ਤੁੜਾਉ ਕੀਤਾ ਜਾਂਦਾ ਹੈ, ਤਦ ਅਜਿਹੇ ਤੁੜਾਉ ਦੀ ਸੂਚਨਾ, ਜਿਸ ਤੇ ਉਸ ਟਰੇਡ ਯੂਨੀਅਨ ਦੇ ਸੱਤ ਮੈਂਬਰਾਂ ਦੇ ਅਤੇ ਉਸ ਦੇ ਸਕੱਤਰ ਦੇ ਦਸਖਤ ਹੋਣਗੇ, ਉਸ ਤੁੜਾਉ ਦੇ ਚੌਦਾਂ ਦਿਨ ਅੰਦਰ, ਰਜਿਸਟਰਾਰ ਨੂੰ ਭੇਜੀ ਜਾਵੇਗੀ ਅਤੇ ਜੇ ਰਜਿਸਟਰਾਰ ਦੀ ਤੱਸਲੀ ਹੋ ਜਾਂਦੀ ਹੈ ਕਿ ਅਜਿਹਾ ਤੁੜਾਉ ਟਰੇਡ ਯੂਨੀਅਨ ਦੇ ਨਿਯਮਾਂ ਦੀ ਅਨੁਸਾਰਤਾ ਵਿੱਚ ਕੀਤਾ ਗਿਆ ਹੈ, ਤਾਂ ਉਹ ਸੂਚਨਾ ਉਸ ਦੁਆਰਾ ਰਜਿਸਟਰ ਕੀਤੀ ਜਾਵੇਗੀ ਅਤੇ ਤੁੜਾਉ ਇਸ ਤਰ੍ਹਾਂ ਰਜਿਸਟਰ ਕੀਤੇ ਜਾਣ ਦੀ ਤਰੀਕ ਤੋਂ ਪ੍ਰਭਾਵੀ ਹੋਵੇਗਾ।

(2) ਜਿੱਥੇ ਕਿਸੇ ਰਜਿਸਟਰਸ਼ੁਦਾ ਟਰੇਡ ਯੂਨੀਅਨ ਦਾ ਤੁੜਾਉ ਰਜਿਸਟਰ ਕੀਤਾ ਜਾ ਚੁੱਕਾ ਹੈ ਅਤੇ ਟਰੇਡ ਯੂਨੀਅਨ ਦੇ ਨਿਯਮਾਂ ਵਿੱਚ ਅਜਿਹਾ ਤੁੜਾਉ ਹੋਣ ਤੇ ਟਰੇਡ ਯੂਨੀਅਨ ਦੇ ਫੰਡਾਂ ਦੀ ਵੰਡ ਬਾਰੇ ਕੋਈ ਉਪਬੰਧ ਨਹੀਂ ਹੈ, ਉਥੇ ਰਜਿਸਟਰਾਰ ਉਨ੍ਹਾਂ ਫੰਡਾਂ ਦੀ ਟਰੇਡ ਯੂਨੀਅਨ ਦੇ ਮੈਂਬਰਾਂ ਵਿੱਚ ਅਜਿਹੇ ਤਰੀਕੇ ਨਾਲ ਵੰਡ ਕਰੇਗਾ, ਜੋ ਮੁਕੱਰਰ ਕੀਤਾ ਜਾਵੇ।

ਵਿਵਰਣੀਆਂ।

28. (1) ਰਜਿਸਟਰਾਰ ਨੂੰ ਹਰ ਸਾਲ ਅਜਿਹੀ ਤਰੀਕ ਨੂੰ ਜਾਂ ਉਸ ਤੋਂ ਪਹਿਲਾਂ, ਜੋ ਮੁਕੱਰਰ ਕੀਤੀ ਜਾਵੇ, ਹਰਿਕ ਰਜਿਸਟਰਸ਼ੁਦਾ ਟਰੇਡ ਯੂਨੀਅਨ ਦੀ, ਅਜਿਹੀ ਮੁਕੱਰਰ ਤਰੀਕ ਤੋਂ ਨਿਕਟਤਮ ਪਹਿਲਾਂ ਦੀ 31 ਦਸੰਬਰ ਨੂੰ ਖ਼ਤਮ ਹੋਣ ਵਾਲੇ ਸਾਲ ਦੌਰਾਨ ਹੋਈਆਂ ਸਭ ਪ੍ਰਾਪਤੀਆਂ ਅਤੇ ਖ਼ਰਚਿਆਂ ਦਾ ਅਤੇ ਟਰੇਡ ਯੂਨੀਅਨ ਦੇ 31 ਦਸੰਬਰ ਨੂੰ ਮੌਜੂਦ ਧਨ-ਧਾਮਾਂ ਅਤੇ ਦੇਣਦਾਰੀਆਂ ਦਾ ਮੁਕਰਰ ਤੌਰਕੇ ਨਾਲ ਆਡਿਟ ਕੀਤਾ ਸਾਧਾਰਨ ਵਿਵਰਣ ਭੇਜਿਆ ਜਾਵੇਗਾ। ਉਹ ਵਿਵਰਣ ਅਜਿਹੇ ਰੂਪ ਵਿੱਚ ਤਿਆਰ ਕੀਤਾ ਜਾਵੇਗਾ ਅਤੇ ਉਸ ਵਿੱਚ ਅਜਿਹੇ ਵੇਰਵੇ ਸਮਾਵਿਸ਼ਟ ਹੋਣਗੇ ਜੋ ਮੁਕੱਰਰ ਕੀਤੇ ਜਾਣ।

(2) ਸਾਧਾਰਨ ਵਿਵਰਣ ਸਮੇਤ, ਰਜਿਸਟਰਾਰ ਨੂੰ ਇਕ ਅਜਿਹਾ ਵਿਵਰਣ ਭੇਜਿਆ ਜਾਵੇਗਾ, ਜਿਸ ਵਿੱਚ ਉਸ ਸਾਲ ਦੌਰਾਨ ਜਿਸ ਦਾ ਵਿਵਰਣ ਵਿੱਚ ਹਵਾਲਾ ਦਿੱਤਾ ਗਿਆ ਹੈ, ਟਰੇਡ ਯੂਨੀਅਨ ਦੁਆਰਾ ਕੀਤੀਆਂ ਅਹੁਦੇਦਾਰਾਂ ਦੀਆਂ ਸਭ ਤਬਦੀਲੀਆਂ ਵਿਖਾਈਆਂ ਹੋਣਗੀਆਂ ਅਤੇ ਉਸ ਨਾਲ ਟਰੇਡ ਯੂਨੀਅਨ ਦੇ ਨਿਯਮਾਂ ਦੀ ਇਕ ਅਜਿਹੀ ਨਕਲ ਵੀ ਭੇਜੀ ਜਾਵੇਗੀ ਜੋ ਰਜਿਸਟਰਾਰ ਨੂੰ ਭੇਜੇ ਜਾਣ ਦੀ ਤਰੀਕ ਤੱਕ ਦਰੁਸਤ ਕੀਤੀ ਹੋਵੇਗੀ।

(3) ਰਜਿਸਟਰਸ਼ੁਦਾ ਟਰੇਡ ਯੂਨੀਅਨ ਦੇ ਨਿਯਮਾਂ ਵਿੱਚ ਕੀਤੀ ਹਰਿਕ ਅਦਲਾ ਬਦਲੀ ਦੀ ਇਕ ਨਕਲ, ਅਜਿਹੀ ਅਦਲਾ–ਬਦਲੀ ਕੀਤੇ ਜਾਣ ਤੋਂ ਪੰਦਰਾਂ ਦਿਨ ਅੰਦਰ ਰਜਿਸਟਰਾਰ ਨੂੰ ਭੇਜੀ ਜਾਵੇਗੀ ।

(4) ਉਪ-ਧਾਰਾ (1), (2) ਅਤੇ (3) ਵਿੱਚ ਹਵਾਲਾ ਦਿੱਤੇ ਦਸਤਾਵੇਜ਼ਾਂ ਦੀ ਪਰੀਖਿਆ ਕਰਨ ਦੇ ਪ੍ਰਯੋਜਨ ਲਈ, ਰਜਿਸਟਰਾਰ ਜਾਂ ਉਸ ਦੁਆਰਾ ਆਮ ਜਾਂ ਵਿਸ਼ੇਸ਼ ਹੁਕਮ ਦੁਆਰਾ, ਅਖ਼ਤਿਆਰਤ ਕੋਈ ਅਫ਼ਸਰ, ਟਰੇਡ ਯੂਨੀਅਨ ਨਾਲ ਸੰਬੰਧਤ ਰਜਿਸਟਰੀਕਰਣ ਦਾ ਪ੍ਰਮਾਣ-ਪੱਤਰ, ਲੇਖਾ ਵਹੀਆਂ, ਰਜਿਸਟਰਾਂ ਅਤੇ ਹੋਰ ਦਸਤਾਵੇਜ਼ਾਂ ਦਾ ਨਿਰੀਖਣ ਉਸ ਦੇ ਰਜਿਸਟਰਸ਼ੁਦਾ ਦਫ਼ਤਰ ਵਿੱਚ ਸਭ ਵਾਜਬ ਸਮਿਆਂ ਤੇ ਕਰ ਸਕੇਗਾ, ਜਾਂ ਇਹ ਲੋੜ ਸਕੇਗਾ ਕਿ ਉਹ ਅਜਿਹੇ ਸਥਾਨ ਤੇ, ਜੋ ਉਹ ਇਸ ਨਮਿਤ ਉਲਿਖਤ ਕਰੇ, ਪੇਸ਼ ਕੀਤੇ ਜਾਣ, ਪਰ ਅਜਿਹਾ ਕੋਈ ਵੀ ਸਥਾਨ ਟਰੇਡ ਯੂਨੀਅਨ ਦੇ ਰਜਿਸਟਰਸ਼ੁਦਾ ਦਫ਼ਤਰ ਤੋਂ ਦਸ ਮੀਲ ਤੋਂ ਵੱਧ ਫ਼ਾਸਲੇ ਤੇ ਨਹੀਂ ਹੋਵੇਗਾ ।

ਅਧਿਆਏ IV

ਵਿਨਿਯਮ

ਵਿਨਿਯਮ ਬਣਾਉਣ ਦੀ ਸ਼ਕਤੀ ।

29. (1) ਮੁਨਾਸਬ ਸਰਕਾਰ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਦੇ ਪ੍ਰਯੋਜਨ ਲਈ ਵਿਨਿਯਮ ਬਣਾ ਸਕੇਗੀ ।

(2) ਖ਼ਾਸ ਕਰਕੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਵਿਨਿਯਮ ਹੇਠ–ਲਿਖੇ ਸਭ ਵਿਸ਼ਿਆਂ ਲਈ ਜਾਂ ਉਨ੍ਹਾਂ ਵਿੱਚੋਂ ਕਿਸੇ ਲਈ ਉਪਬੰਧ ਕਰ ਸਕਣਗੇ, ਅਰਥਾਤ :—

(ੳ) ਉਹ ਤਰੀਕਾ ਜਿਸ ਨਾਲ ਟਰੇਡ ਯੂਨੀਅਨਾਂ ਅਤੇ ਟਰੇਡ ਯੂਨੀਅਨਾਂ ਦੇ ਨਿਯਮ ਰਜਿਸਟਰ ਕੀਤੇ ਜਾਣਗੇ ਅਤੇ ਰਜਿਸਟਰੀਕਰਣ ਤੇ ਅਦਾਇਗੀਯੋਗ ਫ਼ੀਸਾਂ;

(ਅ) ਕਿਸੇ ਅਜਿਹੀ ਰਜਿਸਟਰਸ਼ੁਦਾ ਟਰੇਡ ਯੂਨੀਅਨ ਦੀ ਸੂਰਤ ਵਿੱਚ, ਜਿਸ ਨੇ ਆਪਣਾ ਮੁੱਖ ਦਫ਼ਤਰ ਇੱਕ ਰਾਜ ਤੋਂ ਦੂਜੇ ਰਾਜ ਵਿਚ ਤਬਦੀਲ ਕਰ ਲਿਆ ਹੋਵੇ, ਰਜਿਸਟਰੀਕਰਣ ਦਾ ਇੰਤਕਾਲ ;

(ੲ) ਉਹ ਤਰੀਕਾ ਜਿਸ ਨਾਲ, ਅਤੇ ਉਨ੍ਹਾਂ ਵਿਅਕਤੀਆਂ ਦੀਆਂ ਯੋਗਤਾਵਾਂ, ਜਿਨ੍ਹਾਂ ਦੁਆਰਾ ਰਜਿਸਟਰਸ਼ੁਦਾ ਟਰੇਡ ਯੂਨੀਅਨਾਂ ਦੇ, ਜਾਂ ਅਜਿਹੀਆਂ ਯੂਨੀਅਨਾਂ ਦੇ ਕਿਸੇ ਵਰਗ ਦੇ ਲੇਖਿਆਂ ਦਾ, ਜਾਂ ਅਜਿਹੀਆਂ ਯੂਨੀਅਨਾਂ ਦੇ ਕਿਸੇ ਵਰਗ ਦੇ ਲੇਖਿਆਂ ਦਾ ਆਡਿਟ ਕੀਤਾ ਜਾਵੇਗਾ ;

(ਸ) ਉਹ ਸ਼ਰਤਾਂ ਜਿਨ੍ਹਾਂ ਦੇ ਤਾਬੇ ਅਜਿਹੇ ਦਸਤਾਵੇਜ਼ਾਂ ਦੇ, ਜੋ ਰਜਿਸਟਰਾਰ ਦੁਆਰਾ ਰੱਖੇ ਜਾਂਦੇ ਹਨ, ਨਿਰੀਖਣ ਦੀ ਇਜਾਜ਼ਤ ਦਿੱਤੀ ਜਾਵੇਗੀ ਅਤੇ ਉਹ ਫ਼ੀਸਾਂ, ਜੋ ਅਜਿਹੇ ਨਿਰੀਖਣ ਬਾਰੇ ਚਾਰਜ ਕਰਨਯੋਗ ਹੋਣਗੀਆਂ ; ਅਤੇ

(ਹ) ਕੋਈ ਵਿਸ਼ਾ ਜੋ ਮੁਕੱਰਰ ਕੀਤਾ ਜਾਣਾ ਹੈ ਜਾਂ ਕੀਤਾ ਜਾਵੇ ।

ਵਿਨਿਯਮਾਂ ਦਾ ਪ੍ਰਕਾਸ਼ਨ ।

30. (1) ਧਾਰਾ 29 ਦੁਆਰਾ ਪ੍ਰਦਾਨ ਕੀਤੀ ਵਿਨਿਯਮ ਬਣਾਉਣ ਦੀ ਸ਼ਕਤੀ ਇਸ ਸ਼ਰਤ ਦੇ ਤਾਬੇ ਹੈ ਕਿ ਅਜਿਹੇ ਵਿਨਿਯਮ ਉਨ੍ਹਾਂ ਦੇ ਪੂਰਵ ਪ੍ਰਕਾਸ਼ਨ ਪਿੱਛੋਂ ਬਣਾਏ ਜਾਣ ।

1897 ਦਾ 10

(2) ਸਾਧਾਰਨ ਖੰਡ ਐਕਟ, 1897 ਦੀ ਧਾਰਾ 23 ਦੀ ਉਪ-ਧਾਰਾ (3) ਦੀ ਅਨੁਸਾਰਤਾ ਵਿੱਚ ਉਲਿਖਤ ਕੀਤੀ ਜਾਣ ਵਾਲੀ ਉਹ ਤਰੀਕ, ਜਿਸ ਤੋਂ ਪਿੱਛੋਂ ਉਨ੍ਹਾਂ ਵਿਨਿਯਮਾਂ ਦੇ ਖਰੜੇ ਤੇ ਵਿਚਾਰ ਕੀਤਾ ਜਾਵੇਗਾ, ਜਿਨ੍ਹਾਂ ਦੇ ਬਣਾਏ ਜਾਣ ਦੀ ਤਜਵੀਜ਼ ਹੋਵੇ, ਉਸ ਤਰੀਕ ਤੋਂ ਤਿੰਨ ਮਹੀਨੇ ਤੋਂ ਘੱਟ ਦੀ ਨਹੀਂ ਹੋਵੇਗੀ ਜਿਸ ਨੂੰ ਤਜਵੀਜ਼ ਕੀਤੇ ਗਏ ਵਿਨਿਯਮਾਂ ਦਾ ਖਰੜਾ ਆਮ ਜਾਣਕਾਰੀ ਲਈ ਪ੍ਰਕਾਸ਼ਤ ਕੀਤਾ ਗਿਆ ਸੀ ।

(3) ਇਸ ਤਰ੍ਹਾਂ ਬਣਾਏ ਵਿਨਿਯਮ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤੇ ਜਾਣਗੇ ਅਤੇ ਅਜਿਹਾ ਪ੍ਰਕਾਸ਼ਨ ਹੋ ਜਾਣ ਤੇ ਇਸ ਤਰ੍ਹਾਂ ਪ੍ਰਭਾਵੀ ਹੋਣਗੇ, ਮਾਨੋਂ ਉਹ ਇਸ ਐਕਟ ਵਿੱਚ ਬਣਾਏ ਗਏ ਹੋਣ ।

ਅਧਿਆਏ V

ਡੰਨ ਅਤੇ ਜ਼ਾਬਤਾ

ਵਿਵਰਣੀਆਂ ਭੇਜਣ ਵਿਚ ਨਿਸਫਲਤਾ ।

31. (1) ਜੇ ਇਸ ਐਕਟ ਦੇ ਕਿਸੇ ਉਪਬੰਧ ਦੁਆਰਾ ਜਾਂ ਅਧੀਨ ਲੋੜੀਂਦੀ ਕੋਈ ਸੂਚਨਾ ਦੇਣ ਜਾਂ ਕੋਈ ਵਿਵਰਣ ਜਾਂ ਹੋਰ ਦਸਤਾਵੇਜ਼ ਭੇਜਣ ਵਿੱਚ ਕਿਸੇ ਰਜਿਸਟਰਸ਼ੁਦਾ ਟਰੇਡ ਯੂਨੀਅਨ ਦੁਆਰਾ ਕੋਈ ਕੋਤਾਹੀ ਕੀਤੀ ਜਾਂਦੀ ਹੈ, ਤਾਂ ਹਰਿਕ ਅਹੁਦੇਦਾਰ ਜਾਂ ਹੋਰ ਵਿਅਕਤੀ, ਜੋ ਉਸ ਦੇ ਦੇਣ ਜਾਂ ਭੇਜਣ ਲਈ ਟਰੇਡ ਯੂਨੀਅਨ ਦੇ ਨਿਯਮਾਂ ਦੁਆਰਾ ਪਾਬੰਦ ਹੈ, ਜਾਂ, ਜੇ ਕੋਈ ਅਜਿਹਾ ਅਹੁਦੇਦਾਰ ਜਾਂ ਵਿਅਕਤੀ ਨਹੀਂ ਹੈ, ਤਾਂ ਟਰੇਡ ਯੂਨੀਅਨ ਦੀ ਕਾਰਜਪਾਲਕਾ ਦਾ ਹਰਿਕ ਮੈਂਬਰ, ਜੁਰਮਾਨੇ ਨਾਲ, ਜੋ ਪੰਜ ਰੁਪਏ ਤੱਕ ਦਾ ਹੋ ਸਕੇਗਾ, ਅਤੇ ਕੋਤਾਹੀ ਚਾਲੂ ਰਹਿਣ ਦੀ ਸੂਰਤ ਵਿੱਚ, ਅਜਿਹੇ ਅਤਿਰਿਕਤ ਜੁਰਮਾਨੇ ਨਾਲ, ਜੋ ਪਹਿਲੇ ਹਫਤੇ ਤੋਂ ਪਿੱਛੋਂ ਦੇ ਹਰੇਕ ਅਜਿਹੇ ਹਫਤੇ ਲਈ, ਜਿਸ ਦੌਰਾਨ ਕੋਤਾਹੀ ਚਾਲੂ ਰਹਿੰਦੀ ਹੈ, ਪੰਜ ਰੁਪਏ ਤਕ ਦਾ ਹੋ ਸਕੇਗਾ, ਸਜ਼ਾਯੋਗ ਹੋਵੇਗਾ ।

(2) ਕੋਈ ਵਿਅਕਤੀ, ਜੋ ਧਾਰਾ 26 ਦੁਆਰਾ ਲੋੜੀਂਦੇ ਸਾਧਾਰਣ ਵਿਵਰਣ ਵਿੱਚ ਜਾਣ-ਬੁਝਕੇ ਕੋਈ ਝੂਠਾ ਇੰਦਰਾਜ ਕਰੇਗਾ ਜਾਂ ਕਰਵਾਏਗਾ ਜਾਂ ਉਸ ਇੰਦਰਾਜ ਵਿੱਚੋਂ ਕੁਝ ਲੋਪ ਕਰੇਗਾ ਜਾਂ ਕਰਵਾਏਗਾ, ਜਾਂ ਨਿਯਮਾਂ ਦੀ ਜਾਂ ਨਿਯਮਾਂ ਵਿੱਚ ਅਦਲਾ ਬਦਲੀਆਂ ਦੀ ਨਕਲ ਵਿੱਚ, ਜੋ ਉਸ ਧਾਰਾ ਅਧੀਨ ਰਜਿਸਟਰਾਰ ਨੂੰ ਭੇਜੀ ਗਈ ਹੋਵੇ, ਕੋਈ ਝੂਠਾ ਇੰਦਰਾਜ ਕਰੇਗਾ ਜਾਂ ਕਰਵਾਏਗਾ, ਜਾਂ ਉਸ ਇੰਦਰਾਜ ਵਿੱਚੋਂ ਕੁਝ ਲੋਪ ਕਰੇਗਾ ਜਾਂ ਕਰਵਾਏਗਾ, ਉਹ ਜੁਰਮਾਨੇ ਨਾਲ , ਜੋ ਪੰਜ ਸੌ ਰੁਪਏ ਦਾ ਹੋ ਸਕੇਗਾ, ਸਜ਼ਾ ਯੋਗ ਹੋਵੇਗਾ ।

ਟਰੇਡ ਯੂਨੀਅਨਾਂ ਬਾਬਤ ਝੂਠੀ ਜਾਣਕਾਰੀ ਮੁਹੱਈਆ ਕਰਨਾ ।

32. ਕੋਈ ਵਿਅਕਤੀ, ਜੋ ਕਿਸੇ ਰਜਿਸਟਰਸ਼ੁਦਾ ਟਰੇਡ ਯੂਨੀਅਨ ਦੇ ਕਿਸੇ ਮੈਂਬਰ ਨੂੰ ਜਾਂ ਕਿਸੇ ਅਜਿਹੇ ਵਿਅਕਤੀ ਨੂੰ, ਜਿਸਦਾ ਅਜਿਹੀ ਟਰੇਡ ਯੂਨੀਅਨ ਦਾ ਮੈਂਬਰ ਬਣਨ ਦਾ ਇਰਾਦਾ ਹੈ, ਜਾਂ ਜੋ ਮੈਂਬਰ ਬਣਨ ਲਈ ਦਰਖਾਸਤ ਦਿੰਦਾ ਹੈ, ਕੋਈ ਅਜਿਹਾ ਦਸਤਾਵੇਜ਼ ਧੱਖਾ ਦੇਣ ਦੀ ਨੀਅਤ ਨਾਲ ਦੇਵੇਗਾ, ਜਿਸ ਦਾ ਟਰੇਡ ਯੂਨੀਅਨ ਦੇ ਨਿਯਮਾਂ ਦੀ ਜਾਂ ਉਨ੍ਹਾਂ ਵਿਚ ਕੀਤੀਆਂ ਕੋਈ ਅਦਲਾ ਬਦਲੀਆਂ ਦੀ ਇਕ ਨਕਲ ਹੋਣਾ ਤਾਤਪਰਜਿਤ ਹੈ, ਅਤੇ ਜਿਸ ਬਾਰੇ ਉਹ ਜਾਣਦਾ ਹੈ, ਜਾਂ ਇਹ ਵਿਸ਼ਵਾਸ ਕਰਨ ਦਾ ਕਾਰਨ ਰੱਖਦਾ ਹੈ ਕਿ ਉਹ ਅਜਿਹੇ ਨਿਯਮਾਂ ਜਾਂ ਅਦਲਾ ਬਦਲੀਆਂ ਦੀ ਦਰੁਸਤ ਨਕਲ ਨਹੀਂ ਹੈ ਜੋ ਤੱਤਸਮੇਂ ਨਾਫ਼ਜ਼ ਹਨ, ਜਾਂ ਕੋਈ ਵਿਅਕਤੀ ਜੋ ਉਜਿਹੇ ਇਰਾਦੇ ਨਾਲ, ਕਿਸੇ ਵਿਅਕਤੀ ਨੂੰ ਕਿਸੇ ਗੈਰ-ਰਜਿਸਟਰਸ਼ੁਦਾ ਟਰੇਡ ਯੂਨੀਅਨ ਦੇ ਨਿਯਮਾਂ ਦੀ ਕੋਈ ਨਕਲ ਇਸ ਬਹਾਨੇ ਨਾਲ ਦਿੰਦਾ ਹੈ ਕਿ ਅਜਿਹੇ ਨਿਯਮ ਰਜਿਸਟਰਸ਼ੁਦਾ ਟਰੇਡ ਯੂਨੀਅਨ ਦੇ ਨਿਯਮ ਹਨ, ਤਾਂ ਉਹ ਜੁਰਮਾਨੇ ਨਾਲ, ਜੋ ਦੋ ਸੌ ਰੁਪਏ ਤਕ ਦਾ ਹੋ ਸਕੇਗਾ, ਸਜ਼ਾਯੋਗ ਹੋਵੇਗਾ ।

ਅਪਰਾਧਾਂ ਦਾ ਸਮਾਇਤ-ਅਧਿਕਾਰ ।

33. (1) ਇਸ ਐਕਟ ਅਧੀਨ ਕਿਸੇ ਅਪਰਾਧ ਦਾ ਵਿਚਾਰਣ ਪ੍ਰੈਜੀਡੈਂਸੀ ਮੈਜਿਸਟ੍ਰੇਟ ਜਾਂ ਪਹਿਲੇ ਦਰਜੇ ਦੇ ਮੈਜਿਸਟਰੇਟ ਦੀ ਅਦਾਲਤ ਤੋਂ ਅਦਨਾ ਅਦਾਲਤ ਨਹੀਂ ਕਰੇਗੀ ।

(2) ਕੋਈ ਅਦਾਲਤ ਇਸ ਐਕਟ ਅਧੀਨ ਕਿਸੇ ਅਪਰਾਧ ਦਾ ਸਮਾਇਤ-ਅਧਿਕਾਰ ਨਹੀਂ ਲਵੇਗੀ ਜੇਕਰ ਉਸ ਦੀ ਸ਼ਿਕਾਇਤ ਰਜਿਸਟਰਾਰ ਦੁਆਰਾ ਜਾਂ ਉਸ ਦੀ ਪੂਰਵ ਮਨਜ਼ੂਰੀ ਨਾਲ, ਜਾਂ ਧਾਰਾ 32 ਅਧੀਨ ਅਪਰਾਧ ਦੀ ਸੂਰਤ ਵਿੱਚ, ਉਸ ਵਿਅਕਤੀ ਦੁਆਰਾ, ਜਿਸ ਨੂੰ ਉਹ ਨਕਲ ਦਿੱਤੀ ਗਈ ਸੀ, ਉਸ ਤਰੀਕ ਤੋਂ ਜਿਸ ਨੂੰ ਅਪਰਾਧ ਦਾ ਕੀਤਾ ਜਾਣਾ ਕਥਿਤ ਹੈ, ਛੇ ਮਹੀਨੇ ਅੰਦਰ ਨ ਕੀਤੀ ਗਈ ਹੋਵੇ ।